**International Journal of Advanced Educational Research**
**ISSN: 2455-6157, Impact Factor: RJIF 5.22**
**www.newresearchjournal.com/educational**
**Volume 1; Issue 3; June 2016; Page No. 48-63**

# ਗੁਰਮੇਲ ਮਡਾਹੜ ਦੀਆਂ ਕਹਾਣੀਆਂ ਦੀ ਬਿਰਤਾਂਤਕਾਰੀ

**ਆਨੰਦ ਵਰਧਨ**
ਸਹਾਇਕ ਪ੍ਰੋਫੈਸਰ, ਗੁਰੂ ਨਾਨਕ ਕਾਲਜ ਬੁਢਲਾਡਾ, ਪੰਜਾਬ, ਭਾਰਤ।

**ਸਾਰੰਸ**
ਬਿਰਤਾਂਤ ਦੀ ਉਪਸਥਿਤੀ ਹਰ ਯੁੱਗ, ਹਰ ਖਿੱਤੇ ਅਤੇ ਹਰ ਸਾਹਿਤਕ ਪਰੰਪਰਾ ਵਿਚ ਮਿਲਦੀ ਹੈ। ਮਨੁੱਖ ਆਪਣੇ ਸਵੈ ਦੀ ਅਭਿਵਿਅਕਤੀ ਲਈ ਸੰਚਾਰ ਮਾਧਿਅਮ ਦਾ ਸਹਿਯੋਗ ਲੈਂਦਾ ਹੈ ਜੋ ਕਿ ਬਿਰਤਾਂਤ ਦਾ ਹੀ ਰੂਪ ਹੈ। ਬਿਰਤਾਂਤ ਮਨੁੱਖੀ ਸੰਚਾਰ ਦਾ ਅਤਿ ਉੱਤਮ ਅਤੇ ਵਿਆਪਕ ਢੰਗ ਹੈ। ਮਨੁੱਖੀ ਜੀਵਨ ਨਾਲ ਸੰਬੰਧਿਤ ਹਰ ਮਸਲੇ ਨੂੰ ਸੋਚਣ ਸਮਝਣ ਅਤੇ ਪ੍ਰਗਟਾਉਣ ਲਈ ਬਿਰਤਾਂਤ ਮਹੱਤਵਪੂਰਨ ਰੋਲ ਅਦਾ ਕਰਦਾ ਹੈ। ਮਨੁੱਖ ਆਪਣੇ ਜੀਵਨ ਯਥਾਰਥ ਦੀ ਪੇਸ਼ਕਾਰੀ ਨੂੰ ਤਰਕਸੰਗਤ ਬਣਾਉਣ ਲਈ ਬਿਰਤਾਂਤਕਾਰੀ ਦੀ ਸਹਾਇਤਾ ਲੈਂਦਾ ਹੈ।
ਮਨੁੱਖ ਆਪਣੇ ਸਮਾਜਿਕ ਚੌਗਿਰਦੇ ਵਿਚ ਕੁੱਝ ਖ਼ਾਸ ਪ੍ਰਸਿਥਿਤੀਆਂ ਘਟਨਾਵਾਂ ਅਤੇ ਪਾਤਰ ਚੁੱਣਦਾ ਹੈ ਅਤੇ ਉਹਨਾ ਨੂੰ ਇੱਕ ਖ਼ਾਸ ਤਰਤੀਬ, ਸਮੇ ਸਥਾਨ ਦੇ ਸੰਦਰਭ ਵਿਚ ਪੇਸ਼ ਕਰਦਾ ਹੈ ਅਤੇ ਬਿਰਤਾਂਤ ਉਦੈ ਕਰਦਾ ਹੈ। ਸੋ ਬਿਰਤਾਂਤ ਸ਼ਾਸ਼ਤਰ ਦੀ ਹੋਂਦ ਵਿਧੀ ਦੀ ਸਾਰਥਿਕਤਾ ਵਿਚ ਘਟਨਾ, ਪਾਤਰ, ਸਮਾਜ, ਸਥਾਨ ਅਤੇ ਭਾਵਨਾ ਆਦਿ ਤੱਤ ਦੀ ਘਾਟ ਨਾਲ ਵੀ ਬਿਰਤਾਂਤਕ ਪਾਠ ਵਿਚਲੇ ਅਰਥ ਨਸ਼ਟ ਹੋ ਸਕਦੇ ਹਨ। ਅਸਲ ਵਿਚ ਬਿਰਤਾਂਤ ਵਿਚ ਇਕ ਪੂਰੀ ਘਟਨਾ ਦੀ ਲੜੀ ਚੱਕਰ ਉਸਾਰਣ ਦਾ ਕਾਰਜ ਕਰਦੀ ਹੈ।

**ਮੁੱਖ ਸਬਦ** : ਅਭਿਵਿਅਕਤੀ, ਸਮਾਜਿਕ ਚੌਗਿਰਦੇ, ਫੈਬਲਾ, ਪ੍ਰਕਾਰਜ, ਅਣਗੌਲ, ਬਿਰਤਾਂਤਕਾਰੀ ਆਦਿ।

## ਮੁਖਬੰਧ

ਘਟਨਾਵਾਂ ਦੀ ਕਲਾਤਮਕ ਵਿਉਂਤ ਅਤੇ ਪੇਸ਼ਕਾਰੀ ਹੀ ਬਿਰਤਾਂਤ ਦਾ ਸਫਲ ਪ੍ਰਗਟਾ ਹੋ ਨਿਬੜਦੀ ਹੈ। ਉਪਰੋਕਤ ਚਰਚਾ ਦੇ ਆਧਾਰ ਤੇ ਇਹ ਕਿਹਾ ਜਾ ਸਕਦਾ ਹੈ ਤਾਂ ਕਿ ਬਿਰਤਾਂਤ ਦੇ ਪ੍ਰਮੁੱਖ ਤਿੰਨ ਤੱਤ ਹਨ (1) ਘਟਨਾ (2) ਪਾਤਰ (3) ਸਮਾਂ। ਘਟਨਾ ਬਿਰਤਾਂਤ ਦਾ ਮੁੱਖ ਤੱਤ ਹੈ। ਪ੍ਰਿਂਬ ਨੇ ਕਿਹਾ ਕਿ ਘੱਟੋ ਘੱਟ ਦੋ ਗਲਪਨਿਕ ਘਟਨਾਵਾਂ ਜਿਸ ਵਿਚ ਕੋਈ ਵੀ ਇੱਕ ਦੂਜੇ ਤੋਂ ਆਰੋਪਿਤ ਜਾਂ ਪੂਰਨ ਅਨੁਮਾਨਿਤ ਨਹੀਂ ਹੁੰਦੀ ਦੀ ਕਾਲ ਤਰਤੀਬ ਪੇਸ਼ਕਾਰੀ ਨੂੰ ਬਿਰਤਾਂਤ ਕਿਹਾ ਜਾਂਦਾ ਹੈ।

ਬਿਰਤਾਂਤ ਦੀ ਹੋਂਦ ਵਿਚ ਪਾਤਰ ਦਾ ਕੇਂਦਰੀ ਮਹੱਤਵ ਹੈ। ਪਾਤਰ ਬਿਰਤਾਂਤ ਦੀ ਇਕ ਮਹੱਤਵਪੂਰਨ ਇਕਾਈ ਦੇ ਰੂਪ ਵਿਚ ਹੋਂਦ ਧਾਰਦੇ ਹਨ। ਜਿਸ ਦੁਆਲੇ ਬਿਰਤਾਂਤ ਸਿਰਜਿਆ ਜਾਂਦਾ ਹੈ ਘਟਨਾਵਾਂ ਦੀ ਪੇਸ਼ਕਾਰੀ ਲਈ ਵੀ ਪਾਤਰਾਂ ਦੀ ਹੋਂਦ ਮਹੱਤਵਪੂਰਨ ਹੈ। ਅਸਲ ਵਿਚ ਬਿਰਤਾਂਤ ਵਿਚ ਜੋ ਘਟਨਾਵਾਂ ਸਿਰਜਿਆਂ ਜਾਂਦੀਆਂ ਹਨ ਉਹਨਾ ਨੂੰ ਸਿਰਫ਼ ਪਾਤਰਾਂ ਰਾਹੀ ਹੀ ਸਾਕਾਰ ਰੂਪ ਦਿੱਤਾ ਜਾ ਸਕਦਾ ਹੈ। ਬਿਰਤਾਂਤ ਪਾਠ ਆਪਣੀ ਹੋਂਦ ਕਿਸੇ ਪਾਤਰ ਦੇ ਬਿਰਤਾਂਤਕਾਰੀ ਪ੍ਰਕਾਰਜ ਰਾਹੀਂ ਗ੍ਰਹਿਣ ਕਰਦਾ ਹੈ।

ਉਪਰੋਕਤ ਚਰਚਾ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਬਿਰਤਾਂਤ ਪਾਠ ਦੀ ਹੋਂਦ ਵਿਧੀ ਘਟਨਾ, ਪਾਤਰ, ਸਮਾਂ, ਸਥਾਨ ਅਤੇ ਭਾਵਨਾ ਬਿਰਤਾਂਤ ਸਿਰਜਣ ਵਿੱਚ ਮਹੱਤਵਪੂਰਨ ਭੂਮਿਕਾ ਅਦਾ ਕਰਦੇ ਹਨ। ਇਸ ਵਿਚ ਕਿਸੇ ਤੱਤ ਦੀ ਉਪਸਿਥਿਤੀ ਬਿਰਤਾਂਤ ਸਾਸ਼ਤਰੀਆਂ ਦੁਆਰਾ ਬਿਰਤਾਂਤਕ ਪਾਠ ਦੀਆਂ ਵੱਖ-ਵੱਖ ਪਰਤਾਂ ਦਾ ਪ੍ਰਗਟਾਵਾ ਵੀ ਕੀਤਾ ਹੈ।

ਰੀਕਬਲ ਨੇ ਬਿਰਤਾਂਤ ਦੀਆਂ ਤਿੰਨ ਪਰਤਾਂ ਪੇਸ਼ ਕੀਤੀਆਂ ਹਨ।
1. ਪਾਠ 2. ਕਹਾਣੀ 3. ਫੈਬਲਾ

ਬਿਰਤਾਂਤ ਪਾਠ ਉਹ ਪਾਠ ਹੈ ਜਿਸ ਵਿਚ ਕਰਿੰਦਾ ਬਿਰਤਾਂਤ ਦਾ ਬਿਆਨ ਕਰਦਾ ਹੈ। ਕਹਾਣੀ ਕਿਸੇ ਵਿਸ਼ੇਸ਼ ਢੰਗ ਨਾਲ ਪੇਸ਼ ਹੋਈ ਫੈਬੁਲਾ ਹੈ, ਫੈਬੁਲਾ, ਘਟਨਾਵਾਂ ਦੀ ਤਰਤੀਬਵਾਰ ਅਤੇ ਕਲਾਤਮਿਕ ਪੇਸ਼ਕਾਰੀ ਹੈ ਜਿਸ ਦਾ ਕਾਰਨ ਕੋਈ ਕਿਰਦਾਰ ਹੁੰਦਾ ਹੈ। ਰੋਲਾ ਬਾਰਤ ਨੇ ਬਿਰਤਾਂਤ ਦੀਆਂ ਤਿੰਨ ਪਰਤਾਂ ਪ੍ਰਸਤੁਤ ਕੀਤੀਆਂ ਹਨ।

(1) ਪ੍ਰਕਾਰਜ ਦਾ ਪੱਧਰ (2) ਕਾਰਜ ਦਾ ਪੱਧਰ (3) ਬਿਰਤਾਂਤਕਰਨ ਦਾ ਪੱਧਰ। ਇਸ ਪ੍ਰਕਾਰ ਬਿਰਤਾਂਤ ਪਾਠ ਦੇ ਅਧਿਐਨ ਲਈ ਦੁਨੀਆਂ ਭਰ ਦੇ ਬਿਰਤਾਂਤ ਸ਼ਾਸਤਰੀਆਂ ਨੇ ਇਕ ਸਰਬ ਸਾਂਝੇ ਮਾਡਲ ਦੀ ਸਥਾਪਨਾ ਕੀਤੀ ਹੈ ਜਸਿ ਵਿਚ ਇਸ ਦੀਆਂ ਬਿਰਤਾਂਤਕ ਰਚਨਾਵਾਂ ਦੇ ਵਿਗਿਆਨਕ ਅਧਿਐਨ ਨਾਲ ਸੰਬੰਧਿਤ ਮਹੱਤਵਪੂਰਨ ਅੰਤਰ ਦ੍ਰਿਸ਼ਟੀਆਂ ਮਿਲਦੀਆਂ ਹਨ। ਬਿਰਤਾਂਤ ਸ਼ਾਸਤਰੀਆਂ ਨੇ ਬਿਰਤਾਂਤ ਦੇ ਤਿੰਨ ਪੱਧਰਾਂ ਕਹਾਣੀ, ਬਿਰਤਾਂਤ, ਬਿਰਤਾਂਤੀਕਰਨ ਵਿੱਚ ਵੰਡ ਕੇ ਸਮਝਣ ਦੀ ਕੋਸ਼ਿਸ਼ ਕੀਤੀ ਹੈ।

ਬਿਰਤਾਂਤ ਸ਼ਾਸਤਰ ਸ਼ਬਦ ਦੀ ਵਰਤੋਂ ਪਹਿਲੀ ਵਾਰ ਤੋਦੋਰੋਵ ਨੇ 1969 ਈ. ਵਿਚ ਕੀਤੀ ਅਤੇ ਬਿਰਤਾਂਤ ਸ਼ਾਸਤਰ ਦਾ ਵਿਗਿਆਨਕ ਚੌਖਟਾ ਰੂਸੀ ਰੂਪਵਾਦੀ ਵਲਾਦਿਮੀਰ ਪ੍ਰਾਪ ਨੇ ਪੇਸ਼ ਕੀਤਾ। ਬਿਰਤਾਂਤ ਸ਼ਾਸਤਰ ਬਿਰਤਾਂਤ ਦੇ ਅਧਿਐਨ ਲਈ ਆਧੁਨਿਕ ਸਾਹਿਤ ਆਲੋਚਨਾ ਵਿਕਸਿਤ ਹੋਇਆਂ ਸਿਸਟੇਮੈਟਿਕ ਅਤੇ ਤਾਰਕਿਕ ਅਧਿਐਨ ਸਿਧਾਂਤ ਹੈ। ਹਰੇਕ ਬਿਰਤਾਂਤ ਕਿਰਤ ਦੀ ਵੱਖਰੀ ਹੋਂਦ ਕਾਰਨ ਉਹ ਦੂਜੀ ਬਿਰਤਾਂਤਕ ਕਿਰਤ ਨਾਲੋਂ

ਵੱਖਰੇ ਅਰਥਾਂ ਦਾ ਸੰਚਾਰ ਕਰਦੀ ਹੈ ਜਿਸ ਕਾਰਨ ਹਰੇਕ ਬਿਰਤਾਂਤਕ ਕਿਰਤ ਵਿਚਲੀਆਂ ਬਿਰਤਾਂਤਕ ਜੁਗਤਾਂ ਦਾ ਨਿਖੇੜ ਕੀਤਾ ਜਾ ਸਕਦਾ ਹੈ।

ਗੁਰਮੇਲ ਮਡਾਹੜ ਆਪਣੀਆਂ ਕਹਾਣੀਆਂ ਵਿਚ ਹੇਠਾਂ ਲਿਖੀਆਂ ਜੁਗਤਾਂ ਦੀ ਵਰਤੋਂ ਕਰਦਾ ਹੈ।

(ੳ) ਘਟਨਾਵਾਂ ਵਿਚ ਪਰਿਵਰਤਨ
(ਅ) (ਮੈਂ) ਪਾਤਰ ਦਾ ਪ੍ਰਯੋਗ
(ੲ) ਟਾਕਰੇ ਦੀ ਜੁਗਤ
(ਸ) ਵਿਅੰਗ ਦੀ ਵਰਤੋਂ
(ਹ) ਵਾਰਤਾਲਾਪ ਦੁਆਰਾ ਪਾਤਰਾਂ ਦੀ ਉਸਾਰੀ
(ਕ) ਘਟਨਾ ਦੁਆਰਾ ਪਾਤਰ ਦੀ ਉਸਾਰੀ
(ਖ) ਫੈਂਟਸੀ ਵਿਧੀ ਦੀ ਵਰਤੋਂ
(ਗ) ਫਲੈਸ਼ ਬੈਕ ਵਿਧੀ ਦੀ ਵਰਤੋਂ
(ੳ) ਘਟਨਾਵਾਂ ਵਿਚ ਪਰਿਵਰਤਨ ਦੀ ਜੁਗਤ

**ੳ.** 'ਅਣਗੌਲੇ ਆਦਮੀ' ਕਹਾਣੀ ਸੰਗ੍ਰਿਹ ਦੀ ਇਹ ਤੀਸਰੀ ਕਹਾਣੀ ਹੈ। ਇਸ ਕਹਾਣੀ ਦੀ ਪਹਿਲੀ ਘਟਨਾ ਵਿਚ ਵਾਪਰਦੀ ਹੈ ਕਿ ਘਰ ਵਿੱਚ ਇਤਨੀ ਗਰੀਬੀ ਦੇ ਕਾਰਨ ਇਸ ਪਰਿਵਾਰ ਦੇ ਕੋਲ ਕੋਈ ਕਮਾਈ ਦਾ ਪੱਕਾ ਸਾਧਨ ਨਹੀਂ ਹੈ, ਇਸ ਕਰਕੇ ਸਰਦੀਆਂ ਦੇ ਦਿਨਾਂ ਵਿਚ ਇਹਨਾਂ ਦਾ ਗੁਜ਼ਾਰਾ ਮੱਛੀਆਂ ਵੇਚ ਕੇ ਹੀ ਹੁੰਦਾ ਹੈ। ਇਸ ਦੀ ਦੂਸਰੀ ਘਟਨਾਂ ਵਿਚ ਕਈ ਵਾਰ ਲਗਾਤਾਰ ਕਈ ਦਿਨਾਂ ਤੋਂ ਮੀਂਹ ਪੈਣ ਅਤੇ ਬੱਦਲਵਾਈ ਹੋਣ ਕਰਕੇ, ਲੋਕ ਘਰਾਂ ਦੇ ਬਾਹਰ ਨਹੀਂ ਨਿਕਲਦੇ, ਸਰਦੀ ਅਤੇ ਮੀਂਹ ਪੈਣ ਕਾਰਣ ਮੱਛਿਆਂ ਫੜਨ ਦਾ ਕੰਮ ਰੁੱਕ ਗਿਆ ਹੈ। ਤੀਸਰੀ ਘਟਨਾਂ ਵਿਚ ਖਾਣ ਪੀਣ ਦਾ ਜੋ ਵੀ ਸਾਮਾਨ ਹੈ, ਉਹ ਖਤਮ ਹੋ ਗਿਆ ਹੈ, ਇਸ ਪਰਿਵਾਰ ਦੇ ਮੈਂਬਰ ਕਈ ਦਿਨਾਂ ਤੋਂ ਭੁੱਖੇ ਬੈਠੇ ਹਨ। ਚੌਥੀ ਘਟਨਾਂ ਵਿਚ ਰਾਤ ਨੂੰ ਚੋਰੀ ਦੀਆਂ ਮੱਛੀਆਂ ਫੜਨ ਲਈ ਜਾਂਦਾ ਹੈ, ਉਹ ਰਾਤ ਨੂੰ ਮਿਹਨਤ ਬਹੁਤ ਕਰਦਾ ਪਰ ਮੱਛੀਆਂ ਦੇ ਛੋਟੇ ਬੱਚੇ ਹੀ ਜਾਲ ਵਿਚ ਆਉਂਦੇ ਹਨ, ਕੋਈ ਵੱਡੀ ਮੱਛੀ ਨਹੀਂ ਫਸਦੀ, ਇਸ ਕਰਕੇ ਉਹ ਥੱਕ ਹਾਰ ਕੇ ਮੀਂਹ ਪੈਂਦੇ ਵਿਚ ਹੀ ਠੁਰਿਆ ਹੋਇਆ ਘਰ ਆ ਜਾਂਦਾ ਹੈ। ਪੰਜਵੀ ਘਟਨਾ ਉਸ ਸਮੇਂ ਵਾਪਰਦੀ ਹੈ ਜਦੋਂ ਬਿੱਲੂ ਸ਼ਹਿਰ ਵਿਚ ਮੱਛਿਆਂ ਫੜਨ ਲਈ ਆਉਂਦਾ ਹੈ, ਪਰ ਉਸ ਦੀਆਂ ਮੱਛੀਆਂ ਵਿਚੋਂ ਇਕ ਛੋਟਾ ਜਿਹਾ ਸੱਪ ਨਿਕਲ ਆਉਂਦਾ ਹੈ, ਜਿਸ ਕਾਰਨ ਉਸ ਨੂੰ ਕੋਈ ਵੀ ਆਦਮੀ ਨਹੀਂ ਖਰੀਦਦਾ ਅੰਤ ਬਿੱਲੂ ਸਾਰੀਆਂ ਮੱਛੀਆਂ ਹੀ ਆਪਣੇ ਘਰ ਬਣਾਉਣ ਲਈ ਲੈ ਆਉਂਦਾ ਹੈ। ਇਸ ਕਹਾਣੀ ਦੀਆਂ ਪਹਿਲੀਆਂ ਚਾਰ ਘਟਨਾਵਾਂ ਸਮਾਨ ਰੂਪ ਵਿਚ ਹੀ ਵਾਪਰਦੀਆਂ ਹਨ ਪਰ ਪੰਜਵੀ ਘਟਨਾ ਦੇ ਵਾਪਰਨ ਨਾਲ ਸਾਰੀ ਕਹਾਣੀ ਦੇ ਅਰਥ ਹੀ ਬਦਲ ਜਾਂਦੇ ਹਨ। ਇਸ ਪ੍ਰਕਾਰ ਲੇਖਕ ਘਟਨਾਵਾਂ ਵਿਚ ਪਰਿਵਾਰ ਪਰਿਵਰਤਨ ਕਰਨ ਦੀ ਵਿਧੀ ਦੀ ਵਰਤੋ ਕਰਦਾ ਹੈ।"

"ਦੋਸ਼ ਦਾ ਮੁੱਢ" ਅਣਗੌਲੇ ਆਦਮੀ ਕਹਾਣੀ ਸੰਗ੍ਰਿਹ ਦੀ ਵੰਜਵੀ ਕਹਾਣੀ ਹੈ। ਇਸ ਕਹਾਣੀ ਦੀ ਮਹੱਤਵਪੂਰਨ ਘਟਨਾ ਇਹ ਹੈ ਕਿ ਦੀਵਾਲੀ ਦੇ ਤਿਉਹਾਰ ਕਰਕੇ ਹਰ ਘਰ ਵਿਚ ਖੁਸ਼ੀ ਮਹਿਸੂਸ ਕੀਤੀ ਜਾਂਦੀ ਹੈ, ਪਰ ਇਸ ਵਾਰ ਮਾਨੇ ਦੇ ਕੋਲ ਕੋਈ ਵੀ ਪੈਸਾ ਨਹੀਂ ਹੈ, ਇਸ ਕਰਕੇ ਉਸ ਦੀ ਦੀਵਾਲੀ ਦੀ ਰਾਤ ਮੌਤ ਵਰਗੀ ਮਹਿਸੂਸ ਹੁੰਦੀ ਹੈ। ਕਹਾਣੀ ਦੀ ਦੂਜੀ ਘਟਨਾ ਵਿੱਚ ਮਾਨਾਂ ਭਾਵੇਂ ਦਾਤਣਾਂ ਤਾਂ ਭਾਵੇਂ ਟਿੱਬਿਆਂ ਵਾਲੀਆਂ ਕਿੱਕਰਾਂ ਤੋਂ ਵੱਢਣ ਜਾਂਦਾ ਹੈ, ਉਸ ਦੀ ਤਮੰਨਾ ਹੈ। ਤੀਸਰੀ ਘਟਨਾ ਵਿਚ ਉਹ ਘਰ ਵਾਲੀ ਤੇ ਬੱਚਿਆਂ ਨੂੰ ਵਾਅਦਾ ਕਰਕੇ ਆਉਂਦਾ ਹੈ ਕਿ ਤੁਸੀ ਰੋਟੀ ਨਾਂ ਪਕਾਉਂਣਾ, ਮੈਂ ਤੁਹਾਡੇ ਲਈ ਮਿਠਾਈ ਅਤੇ ਮੋਮਬੱਤੀਆਂ ਲੈ ਕੇ ਆਉਂਗੇ ਚੌਥੀ ਘਟਨਾ ਉਸ ਸਮੇ ਵਾਪਰਦੀ ਹੈ ਜਦੋਂ ਨਹਿਰੀ ਮਹਿਕਮੇ ਦਾ ਬਾਬੂ ਉਸ ਤੋਂ ਸਾਰੀਆਂ ਹੀ ਦਾਤਣਾ ਖੋਹ ਲੈਂਦਾ ਹੈ। ਉਹ ਨਿਰਾਸ਼ ਹੋ ਕੇ ਆਪਣੇ ਰਿਸ਼ਤੇਦਾਰਾਂ ਕੋਲੋਂ ਪੈਸੇ ਮੰਗਦਾ ਹੈ ਜੋ ਦਾਤਣਾ ਵੇਚ ਰਹੇ ਹੁੰਦੇ ਹਨ। ਪੰਜਵੀ ਘਟਨਾ ਉਸ ਸਮੇ ਵਾਪਰਦੀ ਹੈ ਜਦੋਂ ਉਹ ਖ਼ਾਲੀ ਹੱਥ ਆਪਣੇ ਝੋਪੜੇ ਕੋਲ ਆ ਜਾਂਦਾ ਹੈ। ਉਸ ਦੀ ਘਰ ਵਾਲੀ ਤੇ ਬੱਚਾ ਇਸ ਕਰਕੇ ਉਦਾਸ ਹਨ ਕਿਉਂਕਿ ਉਹ ਆਟਾ ਅਤੇ ਮਿਠਾਈ ਨਹੀਂ ਲੈ ਕੇ ਆਇਆ। ਇਸ ਕਰਕੇ ਬੱਚਾ ਰੋਣਾ ਸ਼ੁਰੂ ਕਰ ਦਿੰਦਾ ਹੈ। ਛੇਵੀਂ ਘਟਨਾ ਹਲਵਾਈ ਦੀ ਦੁਕਾਨ ਤੇ ਵਾਪਰਦੀ ਹੈ ਜਦੋਂ ਇਕ ਕੁੱਤੀ ਮਾਨੇ ਦੇ ਕੋਲ ਆ ਕੇ ਹਲਵਾਈ ਦੀ ਦੁਕਾਨ ਤੇ ਬੈਠ ਜਾਂਦੀ ਹੈ, ਉਹ ਮਾਨੇ ਦੇ ਹੱਥਾਂ ਵਿਚ ਵੇਖਦੀ ਹੈ, ਕੁਝ ਚਿਰ ਪਿੱਛੋਂ ਉਹ ਲਿਫਾਫਾ ਖੋਹ ਕੇ ਦੌੜ ਜਾਂਦੀ ਹੈ। ਇਸ ਕਹਾਣੀ ਦੀ ਸੱਤਵੀਂ ਘਟਨਾ ਉਸ ਸਮੇ ਵਾਪਰਦੀ ਹੈ ਜਦੋਂ ਮਾਨਾ ਕਿਸੇ ਸੇਠ ਦਾ ਬਟੂਆ ਲੈ ਕੇ ਦੌੜ ਜਾਂਦਾ ਏ, ਸਾਰੇ ਉਸ ਦੇ ਪਿੱਛੇ ਦੋੜਦੇ ਹਨ, ਪਰ ਉਹ ਕਿਸੇ ਦੇ ਹੱਥ ਵੀ ਨਹੀਂ ਆਉਂਦਾ। ਘਟਨਾ ਦੀ ਸਥਿਤੀ ਦਾ ਵਿਅੰਗ ਇਹ ਹੈ ਕਿ ਹੱਕ ਮਿਲਦੇ ਨਹੀਂ ਸਗੋਂ ਖੋਹਣੇ ਪੈਂਦੇ ਹਨ।"

"ਜ਼ਹਿਰੀਲੇ ਨਾਗ" 'ਅਣਗੌਲੇ ਆਦਮੀ' ਕਹਾਣੀ ਸੰਗ੍ਰਿਹ ਦੀ ਤੇਰਵੀਂ ਕਹਾਣੀ ਹੈ। ਹਸ ਕਹਾਣੀ ਦੀ ਪਹਿਲੀ ਘਟਲਾ ਉਸ ਸਮੇਂ ਵਾਪਰਦੀ ਹੈ ਜਦੋਂ ਨਸੀਬ ਦਾ ਵਿਆਹ ਇਕ ਫ਼ੌਜੀ ਅਫ਼ਸਰ ਨਾਲ ਹੋ ਜਾਂਦਾ ਹੈ, ਉਹ ਆਪਣੇ ਘਰ ਪਰਿਵਾਰ ਵਿੱਚ ਬਹੁਤ ਹੀ ਖੁਸ਼ ਰਹਿੰਦੀ ਹੈ। ਦੂਸਰੀ ਘਟਨਾ ਵਿਚ ਉਸ ਦੇ ਘਰ ਮੁੰਡਾ ਪੈਦਾ ਹੋ ਜਾਂਦਾ ਹੈ, ਇਸ ਨਾਲ ਘਰ ਵਿਚ ਹੋਰ ਖੁਸ਼ੀ ਆ ਜਾਂਦੀ ਹੈ, ਇਹਨਾਂ ਦਿਨਾਂ ਵਿਚ ਹੀ ਇੱਕ ਮਹੀਨੇ ਦੀ ਛੁੱਟੀ ਕੱਟਣ ਫ਼ੌਜੀ ਆਪਣੇ ਘਰ ਆਉਂਦਾ ਹੈ। ਉਸ ਦਾ ਬੇਟਾ ਆਪਣੇ ਪਾਪਾ ਨੂੰ ਬਹੁਤ ਪਿਆਰ ਕਰਦਾ ਹੈ। ਉਹ ਵਾਰ-ਵਾਰ ਉਸਨੂੰ ਯਾਦ ਕਰਦਾ ਰਹਿੰਦਾ ਹੈ। ਤੀਸਰੀ ਘਟਨਾ ਉਸ ਸਮੇਂ ਵਾਪਰਦੀ ਹੈ ਜਦੋਂ ਪਾਕਿਸਤਾਨ ਭਾਰਤ ਤੇ ਹਮਲਾ ਕਰ ਦਿੰਦਾ ਹੈ, ਇਸ ਹਮਲੇ ਵਿਚ ਨਸੀਬ ਕੌਰ ਦਾ ਪਤੀ ਸ਼ਹੀਦ ਹੋ ਜਾਂਦਾ ਹੈ। ਉਸ ਦੀ ਲਾਸ਼ ਉਸ ਦੇ ਮਾਪਿਆਂ ਨੂੰ ਸੌਂਪ ਕੇ ਉਸ ਦਸ ਸਰਕਾਰੀ ਸਨਮਾਨਾਂ ਦੇ ਨਾਲ ਸੰਸਕਾਰ ਕਰ ਦਿੱਤਾ ਜਾਂਦਾ ਹੈ। ਚੌਥੀ ਘਟਨਾ ਉਸ ਸਮੇ ਵਾਪਰਦੀ ਹੈ ਜਦੋਂ ਸਰਕਾਰ ਨੇ ਕੁੱਝ ਰਕਮ, ਮੈਡਲ, ਸਿਲਾਈ ਮਸ਼ੀਨ ਨਸੀਬ ਨੂੰ ਸਹਾਇਤਾ ਵਜੋਂ ਦਿੱਤੀ ਪੰਜਵੀ ਘਟਨਾ ਵਿਚ ਨਸੀਬ ਦਾ ਦਿਉਰ ਉਸ ਤੇ ਬੁਰੀ ਨਜਰ ਰੱਖਣ ਲੱਗ ਜਾਂਦਾ ਹੈ। ਪਿੰਡ ਦੇ ਹਰ ਨੌਜਵਾਨ ਉਸ ਨੂੰ ਅੱਖਾਂ ਪਾੜ-ਪਾੜ ਕੇ ਦੇਖਦੇ ਹਨ। ਉਹਨਾਂ ਤੋ ਤੰਗ ਆ ਕੇ ਨਸੀਬ ਕੌਰ ਪਿੰਡ ਛੱਡਣ ਦਾ ਮਨ ਬਣਾ ਲੈਂਦੀ ਹੈ। ਛੇਵੀਂ ਘਟਨਾ ਵਿਚ ਨਸੀਬ ਪਿੰਡੋਂ ਸ਼ਹਿਰ ਆਪਣੀ ਸਹੇਲੀ ਦੇ ਕੋਲ ਆ ਕੇ ਰਹਿਣ ਲੱਗ ਜਾਂਦੀ ਹੈ, ਉਸ ਸਮੇਂ ਵੀ ਆਲੇ-ਦੁਆਲੇ ਦੇ ਲੋਕ ਉਸ ਦਾ ਪਿੱਛਾ ਤਕਾਉਂਦੇ ਹਨ। ਸੱਤਵੀਂ ਘਟਲਾ ਉਸ ਸਮੇਂ ਵਾਪਰਦੀ ਹੈ ਜਦੋਂ ਬਲਬੀਰ ਗਲੀ ਦੇ ਵਿਚੋਂ ਲੰਘ ਰਿਹਾ ਸੀ ਤੇ ਨਸੀਬ ਦਾ ਮੁੰਡਾ ਉਸ ਨੂੰ ਉੱਚੀ-ਉੱਚੀ ਪਾਪਾ ਜੀ ... ਪੁਕਾਰ ਰਿਹਾ ਸੀ, ਬਲਬੀਰ ਮੁੰਡੇ ਨੂੰ ਬਹੁਤ

ਸਮਝਾਉਂਦਾ ਹੈ, ਕਿ ਤੇਰਾ ਪਾਪਾ ਕੋਈ ਹੋਰ ਆਦਮੀ ਹੈ, ਪਰ ਉਸ ਬਲਬੀਰ ਨੂੰ ਵੇਖ ਕੇ ਹੋਰ ਵੀ ਉਤੇਜਿਤ ਹੋ ਜਾਂਦਾ ਹੈ। ਇਸ ਕਰਕੇ ਬਲਬੀਰ ਕਈ ਵਾਰ ਉਹਨਾਂ ਦੇ ਘਰ ਆ ਜਾਂਦਾ ਹੈ, ਉਹ ਮੁੰਡੇ ਨਾਲ ਖੇਡਣ ਲੱਗ ਜਾਂਦਾ ਹੈ। ਅੱਠਵੀਂ ਘਟਨਾ ਵਿਚ ਗਲੀ ਮੁਹੱਲੇ ਦੇ ਲੋਕ ਬਲਬੀਰ ਤੇ ਨਸੀਬ ਦੇ ਮਿਲਣ ਤੋਂ ਬਹੁਤ ਹੀ ਤੰਗ ਹਨ, ਇਸ ਕਰਕੇ ਉਹ ਡਾਂਗਾਂ, ਸੋਟੀਆਂ, ਹਾਕੀਆਂ ਲੈ ਕੇ ਆ ਜਾਂਦੇ ਹਨ, ਬਲਬੀਰ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੰਦੇ ਹਨ।ਨੌਵੀਂ ਘਟਨਾ ਦੇ ਵਿਚ ਨਸੀਬ ਕੌਰ ਉਹਨਾਂ ਨੂੰ ਖਰੀਆਂ-ਖਰੀਆਂ ਸੁਣਾ ਦਿੰਦੀ ਹੈ। ਜਿਸ ਕਰਕੇ ਉਹ ਵਾਰੀ ਵਾਰੀ ਖਿਸਕਣੇ ਸ਼ੁਰੂ ਹੋ ਜਾਂਦੇ ਹਨ। ਦਸਵੀਂ ਘਟਨਾ ਵਿਚ ਨਸੀਬ ਕੌਰ ਇਸ ਮੁਹੱਲੇ ਨੂੰ ਛੱਡਣਾ ਚਾਹੁੰਦੀ ਹੈ ਕਿਉਂਕਿ ਇੱਥੇ ਇਕ ਵਿਧਵਾ ਨੂੰ ਜ਼ਹਿਰੀਲੇ ਨਾਗ ਟਿਕਣ ਨਹੀਂ ਦਿੰਦੇ, ਮੌਕਾ ਵੇਖ ਕੇ ਡੰਗ ਮਾਰਦੇ ਹਨ।"

"ਇਕ ਰਾਤ ਦਾ ਮੁੱਲ" ਕਹਾਣੀ 'ਅਣਗੌਲੇ ਆਦਮੀ" ਕਹਾਣੀ ਸੰਗ੍ਰਿਹ ਦੀ ਸੋਲਵੀਂ ਕਹਾਣੀ ਹੈ। ਇਸ ਕਹਾਣੀ ਦੀ ਪਹਿਲੀ ਘਟਨਾ ਉਸ ਸਮੇ ਵਾਪਰਦੀ ਹੈ ਜਦੋਂ ਸ਼ਹਿਰ ਵਿੱਚ ਆੜਤੀਏ ਦੀ ਦੁਕਾਨ ਦੇ ਅੰਦਰ ਕੁਝ ਜ਼ਿਮੀਦਾਰ ਤੇ ਆੜਤੀਏ ਅਜੋਕੇ ਕਾਰੋਬਾਰ ਦੀਆਂ ਗੱਲਾਂ ਕਰਦੇ ਹਨ ਜਿਸ ਵਿਚ ਖੇਤੀ ਨੂੰ ਸਭ ਤੋਂ ਵੱਧ ਮੁਨਾਫ਼ੇ ਵਾਲਾ ਦੱਸਿਆ ਜਾਂਦਾ ਹੈ, ਆੜਤੀਏ ਇਸ ਹੱਕ ਵਿੱਚ ਦਲੀਲਾਂ ਦੇ ਰਹੇ ਹਨ। ਦੂਜੀ ਘਟਨਾ ਉਸ ਸਮੇਂ ਵਾਪਰਦੀ ਹੈ ਜਦੋਂ ਜ਼ਿਮੀਦਾਰ ਦੇ ਮੁੰਡੇ ਦਾ ਨਵਾਂ-ਵਿਆਹ ਹੁੰਦਾ ਹੈ, ਉਹ ਪਹਿਲੀ ਰਾਤ ਨੂੰ ਆਪਣੀ ਪਤਨੀ ਕੋਲ ਨਹੀਂ ਸੌਂਦਾ। ਤੀਸਰੀ ਘਟਨਾ ਵਿਚ ਉਹ ਰਾਤ ਨੂਘ ਪਾਣੀ ਦੀ ਵਾਰੀ ਦਾ ਮਿਲਣਾ ਹੈ, ਜੋ ਖੇਤੀ ਲਈ ਬਹੁਤ ਜਰੂਰੀ ਹੈ, ਇਹ ਵਾਰੀ ਮਹੀਨੇ ਪਿੱਛੋਂ ਹੀ ਮਿਲਦੀ ਹੈ। ਚੌਥੀ ਘਟਨਾ ਦੇ ਵਿਚ ਪਿਤਾ ਆਪਣੇ ਮੁੰਡੇ ਨੂੰ ਲੱਭਦਾ-ਲੱਭਦਾ ਖੇਤ ਵਿਚ ਆ ਜਾਂਦਾ ਹੈ, ਜਿਥੇ ਮੁੰਡਾ ਰਾਤ ਨੂੰ ਕਣਕ ਨੂੰ ਪਾਣੀ ਲਾ ਰਿਹਾ ਹੈ। ਪੰਜਵੀਂ ਘਟਨਾ ਦੇ ਵਿਚ ਸਰਦਾਰ ਕੱਸੀ ਦਾ ਪਾਣੀ ਚੋਰੀਉਂ ਆਪਣੈ ਖੇਤ ਵਿੱਚ ਕੱਢ ਲੈਂਦਾ ਹੈ।ਛੇਵੀਂ ਘਟਨਾ ਵਿਚ ਬੁੱਢਾ ਆਦਮੀ ਨੱਕੇ ਦੇ ਵਿਚਕਾਰ ਬੈਠ ਜਾਂਦਾ ਹੈ, ਉਸ ਦਾ ਪੁੱਤਰ ਚੇਪੇ ਭਰ ਭਰ ਕਹੀ ਨਾਲ ਸੁੱਟਦਾ ਹੈ, ਜਿਸ ਕਾਰਨ ਬੁੱਢੇ ਆਦਮੀ ਦਾ ਸਰੀਰ ਜਕੜ ਜਾਂਦਾ ਹੈ, ਮੁੰਡਾ ਕਈ ਕਿਆਰੀਆਂ ਵਿੱਚ ਪਾਣੀ ਛੱਡ ਕੇ ਬਾਪੂ ਨੂੰ ਮੋਢਿਆਂ ਤੇ ਚੁੱਕ ਕੇ ਘਰ ਲੈ ਆਉਂਦਾ ਹੈ। ਸਥਿਤੀ ਦਾ ਵਿਅੰਗ ਇਹ ਹੈ ਕਿ ਮਹਿੰਗਾਈ ਕਾਰਨ ਛੋਟੇ ਜ਼ਿਮੀਦਾਰ ਨੂੰ ਬਚਦਾ ਕੁਝ ਵੀ ਨਹੀਂ ਹੈ, ਪਰ ਆੜਤੀਏ ਇਹ ਸਮਝਦੇ ਹਨ ਕਿ ਇਸ ਵਿਚ ਕਮਾਈ ਬਹੁਤ ਹੀ ਕੀਤੀ ਜਾਂਦੀ ਹੈ।"

"ਜ਼ਬਰ ਵਿਰੁੱਧ ਏਕਤਾ" ਇਸ ਕਹਾਣੀ ਸੰਗ੍ਰਿਹ ਦੀ ਅਠਾਰਵੀਂ ਕਹਾਣੀ ਹੈ। ਇਸ ਕਹਾਣੀ ਦੀ ਪਹਿਲੀ ਘਟਨਾ ਰਾਤ ਨੂੰ ਉਸ ਸਮੇਂ ਵਾਪਰਦੀ ਹੈ, ਜਦੋਂ ਲੇਖਕ ਅਤੇ ਉਹਨਾਂ ਦੇ ਪਿਤਾ ਜੀ ਰਾਤ ਨੂੰ ਸਰਦੀ ਦੇ ਵਿਚ ਰਿਕਸ਼ੇ ਤੇ ਬੈਠੇ ਜਾ ਰਹੇ ਹਨ, ਉਸ ਸਮੇ ਸੜਕ ਦੇ ਫੁੱਟਪਾਥ ਤੇ ਬਹੁਤ ਸਾਰੇ ਆਦਮੀ ਅਤੇ ਔਰਤਾਂ ਛੋਟੇ-ਛੋਟੇ ਕੱਪੜੇ ਵਿਛਾ ਕੇ ਪਏ ਹਨ। ਦੂਸਰੀ ਘਟਨਾ ਉਸ ਸਮੇਂ ਵਾਪਰਦੀ ਹੈ ਜਦੋਂ ਲੇਖਕ ਆਪਣੇ ਪਿਤਾ ਜੀ ਤੋਂ ਇਹ ਸੁਆਲ ਪੁਛਦਾ ਹੈ ਕਿ ਇਹ ਲੋਕ ਰਾਤ ਨੂੰ ਬਿਨਾ ਘਰਾਂ ਤੋਂ ਬਿਨਾਂ ਕੱਪੜਿਆਂ ਤੋਂ ਸਰਦੀ ਵਿੱਚ ਕਿਵੇ ਰਹਿੰਦੇ ਹਨ। ਇਸ ਦੇਸ਼ ਨੂੰ ਸੋਨੇ ਦੀ ਚਿੜੀ ਕਿਉਂ ਕਿਹਾ ਜਾਂਦਾ ਹੈ? ਤੀਸਰੀ ਘਟਨਾ ਬਾਗ ਵਿਚ ਵਾਪਰਦੀ ਹੈ, ਜਦੋਂ ਲੇਖਕ ਸੈਰ ਕਰਨ ਲਈ ਜਾਂਦਾ ਹੈ ਤੇ ਕੁੱਝ ਜਾਨਵਰ ਰੌਲਾ ਪਾ ਰਹੇ ਹਨ। ਪੰਜਵੀ ਘਟਨਾ ਵਿੱਚ ਲੇਖਕ ਗੁਆਂਢੀਆਂ ਦੇ ਤੋਤੇ ਮਿੱਠੂ ਰਾਮ ਨਾਲ ਗੱਲਾਂ ਕਰਦਾ ਹੈ ਤੇ ਉਨਾਂ ਬਾਰੇ ਜਾਣਕਾਰੀ ਪ੍ਰਾਪਤ ਕਰਦਾ ਹੈ। ਛੇਂਵੀ ਘਟਨਾ ਵਿਚ ਸੱਪ ਖੱਡ ਵਿਚ ਵੜ ਜਾਂਦਾ ਹੈ, ਅਤੇ ਕਿਸੇ ਪੰਛੀ ਦੇ ਬੱਚਿਆਂ ਨੂੰ ਖਾ ਜਾਂਦਾ ਹੈ, ਖੱਡ ਤੇ ਕਬਜਫ ਕਰ ਲੈਂਦਾ ਹੈ, ਸੱਤਵੀਂ ਘਟਨਾ ਵਿਚ ਸਾਰੇ ਰਲ ਕੇ ਇਕ ਸਕੀਮ ਬਣਾਉਂਦੇ ਹਨ ਸੱਪ ਨੂੰ ਮਾਰਨ ਲਈ, ਅੱਠਵੀਂ ਘਟਨਾ ਵਿਚ ਇਕ ਗਲਹਿਰੀ ਬਣਾਈ ਹੋਈ ਸਕੀਮ ਤਹਿਤ ਸੱਪ ਦੀ ਖੱਡ ਦੇ ਸਾਹਮਣੇ ਆ ਕੇ ਬੈਠ ਜਾਂਦੀ ਹੈ, ਸੱਪ ਉਸ ਦਾ ਸ਼ਿਕਾਰ ਕਰਨ ਲਈ ਬਾਹਰ ਆਉਂਦਾ ਹੈ। ਨੌਵੀਂ ਘਟਨਾ ਵਿਚ ਮੋਰ ਸੱਪ ਨੂੰ ਆਪਣੇ ਪੰਜੇ ਵਿਖ ਫਸਾ ਕੇ ਉਡ ਜਾਂਦਾ ਹੈ। ਉਸ ਨੂੰ ਮਾਰ ਦਿੰਦਾ ਹੈ। ਦੱਸਵੀਂ ਘਟਨਾ ਦੇ ਵਿਚ ਸਾਰੇ ਪੰਛੀ ਅਤੇ ਜਾਨਵਰ ਰਲ ਕੇ ਜਸ਼ਨ ਮਨਾਉਂਦੇ ਹਨ, ਕਹਾਣੀ ਦੀ ਸਥਿਤੀ ਦਾ ਵਿਅੰਗ ਇਹ ਹੈ ਕਿ ਗਰੀਬਾਂ ਦੇ ਘਰਾਂ ਨੂੰ ਆਮ ਤੌਰ ਤੇ ਅਮੀਰ ਲੋਕਾਂ ਨੇ ਦੱਬ ਰੱਖਿਆ ਹੈ, ਪਰ ਗਰੀਬ ਛਡਾਉਣ ਲਈ ਏਕਤਾ ਨਹੀ ਕਰਦੇ।"

"ਅਣਗੌਲੇ ਆਦਮੀ" ਇਸ ਕਹਾਣੀ ਸੰਗ੍ਰਿਹ ਦੀ ਆਖਰੀ ਕਹਾਣੀ ਹੈ, ਇਸ ਕਹਾਣੀ ਦੀ ਪਹਿਲੀ ਘਟਨਾ ਮੀਂਹ ਪੈਣ ਅਤੇ ਵਾਰ-ਵਾਰ ਬਿਜਲੀ ਦਾ ਗਰਜਣਾ ਹੈ। ਦੂਸਰੀ ਘਟਨਾ ਵਿਚ ਖੋਖੇ ਤੇ ਬੈਠੇ ਆਦਮੀਆਂ ਦਾ ਚਾਹ ਪੀਣਾ ਅਤੇ ਦੇਸ਼ ਦੀ ਰਾਜਨੀਤੀ ਦੀਆਂ ਗੱਲਾਂ ਕਰਨੀਆਂ, ਇਸ ਸਮੇਂ ਉਹਨਾਂ ਦਾ ਧਿਆਨ ਗਿੱਦੜਮਾਰਾਂ ਦੀਆਂ ਕੁੱਲੀਆਂ ਵਿੱਚੋ ਚੀਕ ਸੁਣਾਈ ਦਿੰਦੀ ਹੈ, ਇਕ ਔਰਤ ਨੇ ਇਕ ਲੜਕੇ ਨੂੰ ਜਨਮ ਦਿੱਤਾ ਹੈ। ਇਸ ਸਮੇਂ ਮਾਂ-ਪੁੱਤ ਨੂੰ ਠੰਢ ਚੜ੍ਹੀ ਹੋਈ ਹੈ। ਚੌਥੀ ਘਟਨਾ ਵਿਚ ਸਰਦੀ ਤੋਂ ਬਚਣ ਲਈ ਅੱਗ ਦੀ ਲੋੜ ਪੈਂਦੀ ਹੈ, ਜਿਸ ਨੂੰ ਖੋਖੇ ਵਾਲਾ ਪੂਰੀ ਕਰਦਾ ਹੈ। ਪੰਜਵੀ ਘਟਨਾ ਵਿਚ ਜੋ ਮੁੰਡਾ ਹੁਣੇ ਹੀ ਪੈਦਾ ਹੋਇਆ ਸੀ ਉਸਦੀ ਮੌਤ ਹੋ ਜਾਂਦੀ ਹੈ, ਇਸ ਕਰਕੇ ਸਾਰੀਆਂ ਕੁੱਲੀਆਂ ਵਿਚ ਸੋਗ ਦੀ ਲਹਿਰ ਦੌੜ ਜਾਂਦੀ ਹੈ। ਕਈ ਲੋਕ ਗਿਦੜਮਾਰਾਂ ਨੂੰ ਇਹ ਸਲਾਹ ਦਿੰਦੇ ਹਨ ਕਿ ਔਰਤ ਨੂੰ ਜਣੇਪੇ ਲਈ ਹਸਪਤਾਲ ਲੈ ਜਾਣਾ ਸੀ। ਛੇਵੀ ਘਟਨਾ ਵਿਚ ਉਸ ਸਮੇਂ ਵਾਪਰਦੀ ਹੈ ਜਦੋਂ ਔਰਤ ਵੀ ਹੱਥਾਂ ਵਿਚ ਆ ਜਾਂਦੀ ਹੈ, ਉਸਦੇ ਬਚਣ ਦੀ ਆਸ ਨਹੀਂ ਹੈ, ਪਰ ਸਰਕਾਰੀ ਹਸਪਤਾਲ ਵਿੱਚ ਉਸ ਨੂੰ ਲੈ ਕੇ ਨਹੀਂ ਗਏ। ਉਹ ਕੁੱਲੀ ਅੰਦਰ ਹੀ ਤੜਫ ਰੀ ਹੈ। ਸੱਤਵੀਂ ਘਟਨਾਂ ਉਸ ਸਮੇ ਵਾਪਰਦੀ ਹੈ ਜਦੋਂ ਕੁਝ ਸਮਾਂ ਪਹਿਲਾਂ ਜੋਗੀਆਂ ਦੇ ਮੁੰਡੇ ਦੇ ਸੁੱਤੇ ਪਏ ਸਪ ਲੜ ਗਿਆ ਸੀ, ਉਸ ਨੂੰ ਸਰਕਾਰੀ ਹਸਪਤਾਲ ਵਿਚ ਲੈ ਗਏ, ਕਈ ਘੰਟੇ ਉਸ ਨੂੰ ਕਿਸੇ ਵੀ ਡਾਕਟਰ ਨੇ ਨਹੀਂ ਦੇਖਿਆ, ਟੀਕੇ ਨਾਲ ਮੁੰਡੇ ਦੀ ਮੌਤ ਹੋ ਗਈ ਸੀ। ਇਹਨਾ ਲੋਕਾਂ ਨੂੰ ਸਰਕਾਰੀ ਹਸਪਤਾਲ ਵਿਚ ਕੋਈ ਨਹੀਂ ਪੁੱਛਦਾ। ਇਸ ਦਾ ਕਾਰਨ ਇਹਨਾਂ ਦੀਆਂ ਵੋਟਾਂ ਦੀ ਗਿਣਤੀ ਬਹੁਤ ਘੱਟ ਹੈ, ਇਸ ਕਰਕੇ ਕੋਈ ਵੀ ਸਰਕਾਰ ਇਹਨਾਂ ਲੋਕਾਂ ਵੱਲ ਧਿਆਨ ਨਹੀਂ ਦਿੰਦੀ।"

"ਰੰਗ ਬਿਰੰਗੀਆਂ ਐਨਕਾਂ" ਕੱਚੇ ਕੋਠਿਆਂ ਦੇ ਵਾਸੀ ਕਹਾਣੀ ਸੰਗ੍ਰਿਹ ਦੀ ਪਹਿਲੀ ਕਹਾਣੀ ੲ। ਇਸ ਕਹਾਣੀ ਦੇ ਵਿਚ ਪਹਿਲੀ ਘਟਨਾ ਵਿਚ ਵਾਪਰਦੀ ਹੈ ਕਿ ਇਸ ਦਾ ਮੁੱਖ ਪਾਤਰ ਜਗਦੀਸ਼ ਆਪਣੇ ਜੀਵਨ ਦੇ ਅਸਲੀ ਰਸਤੇ ਤੋਂ ਭੜਕ ਜਾਂਦਾ ਹੈ। ਜਸਿ ਦੁਆਲੇ ਕਹਾਣੀ ਦੀ ਬਣੁਤੀ ਕੀਤੀ ਗਈ ਹੈ। ਦੂਜੀ ਘਟਨਾ ਇਹ

ਵਾਪਰਦੀ ਹੈ ਕਿ ਉਹ ਮਿਸਟਰ ਬਾਂਕੇ ਦੇ ਹੱਥ ਤੇ ਚੜ੍ਹ ਕੇ ਆਮ ਲੋਕਾਂ ਨੂੰ ਤੰਗ ਪ੍ਰਸ਼ਾਨ ਕਰਨ ਲੱਗ ਜਾਂਦਾ ਹੈ। ਇਸ ਕਰਕੇ ਉਸ ਦਿਨ ਤੋਂ ਆਲੇ-ਦੁਆਲੇ ਵਾਲੇ ਵਧੇਰੇ ਨਰਾਜ਼ ਹਨ। ਤੀਜੀ ਘਟਨਾ ਵਿਚ ਉਹ ਮੰਦਰ ਵਿਚ ਜਾ ਕੇ ਇਸ ਦੀ ਕਮੇਟੀ ਵਿਚ ਵੜ ਜਾਂਦਾ ਹੈ, ਇੱਥੇ ਸੰਗਤਾਂ ਲਈ ਕੁਝ ਕਮਰਿਆਂ ਨੂੰ ਬਣਾਇਆ ਜਾਣਾ ਹੈ, ਇਹਨਾਂ ਵਾਸਤੇ ਚੰਦਾ ਇੱਕਠਾ ਕਰਨਾ ਹੈ। ਇਸ ਕਮੇਟੀ ਦਾ ਮੁਖੀ ਉਹ ਆਪ ਬਣ ਜਾਂਦਾ ਹੈ। ਉਸਦੀ ਬਾਂਕੇ ਅਤੇ ਮਿਸਟਰ ਗਰੀਬਦਾਸ ਵਰਗੇ ਦੇਸ਼ ਦੇ ਲੀਡਰਾਂ ਦੇ ਨਾਲ ਬੈਠਣੀ ਉਠਣੀ ਹੈ ਜਿਸ ਕਰਕੇ ਲੋਕ ਉਸ ਦੇ ਅੱਗੇ ਪਿੱਛੇ ਫਿਰਦੇ ਹਨ, ਵੱਡੇ ਵੱਡੇ ਘਰਾਂ ਦੀਆਂ ਔਰਤਾਂ ਜ੍ਹਿਨਾਂ ਨੇ ਬਦਲੀਆਂ ਕਰਾਉਣੀਆਂ ਜਾਂ ਕਿਤੇ ਨਵੀਂ ਪੋਸਟਿੰਗ ਕਰਾਉਣੀ ਹੈ, ਉਹ ਜਗਦੀਸ਼ ਦੇ ਨਾਲ ਹਮਬਿਸਤਰ ਹੋਣ ਨੂੰ ਤਿਆਰ ਰਹਿੰਦੀਆਂ ਸਨ।

ਚੌਥੀ ਘਟਨਾ ਇਹ ਵਾਪਰਦੀ ਹੈ ਕਿ ਪ੍ਰੋਫ਼ੈਸਰ ਸਾਹਿਬ ਇਕ ਦਿਨ ਹੋਟਲ ਵਿਚ ਉਸ ਨੂੰ ਮਿਲ ਜਾਂਦੇ ਹਨ, ਉਹ ਹਰ ਵਿਦਿਆਰਥੀ ਨੂੰ ਚੰਗਾ ਸ਼ਹਿਰੀ ਬਣਾਉਣਾ ਚਾਹੁੰਦੇ ਹਨ, ਜਦੋਂ ਉਹਨਾਂ ਦਾ ਕੋਈ ਵਿਦਿਆਰਥੀ ਰਸਤੇ ' ਭਟਕ ਜਾਦਾ ਹੈ ਤਾ ਪ੍ਰੋ: ਸਾਹਿਬ ਬੜੇ ਹੀ ਦੁਖੀ ਹੁੰਦੇ ਹਨ। ਪ੍ਰੋ: ਸਾਹਿਬ ਜਗਦੀਸ਼ ਤੋ ਐਨਕਾਂ ਮੰਗ ਕੇ ਆਪਣੇ ਕੋਲ ਰੱਖ ਲੈਂਦੇ ਹਨ, ਉਸ ਨੂੰ ਬਿਨਾ ਐਨਕਾ ਅਸਲੀ ਜੀਵਨ ਜਿਉਣ ਲਈ ਕਿਹਾ ਜਾਂਦਾ ਹੈ। ਉਹ ਕਿਤਾਬਾਂ ਤੋਂ ਗਰਦ ਝਾੜ ਕੇ ਪੜਨੀਆਂ ਸ਼ੁਰੂ ਕਰ ਦਿੰਦਾ ਹੈ, ਕਈ ਜਗ੍ਹਾ ਤੇ ਨੌਕਰੀ ਲਈ ਅਪਲਾਈ ਵੀ ਕਰਦਾ ਹੈ, ਇੰਟਰਵਿਉ ਵੀ ਅਟੈਂਡ ਕਰਦਾ ਹੈ, ਹੁਣ ਉਸ ਨੂੰ ਪਤਾ ਲੱਗਦਾ ਹੈ ਕਿ ਸਰਕਾਰੀ ਨੌਕਰੀਆਂ ਕਿਵੇਂ ਪ੍ਰਾਪਤ ਕੀਤੀਆਂ ਜਾਂਦੀਆਂ ਹਨ? ਇਕ ਵਿਧਵਾ ਔਰਤ ਨੂੰ ਘਰ ਚਲਾਉਣ ਲਈ ਕਿੰਨੇ ਪਾਪੜ ਵੇਲਣੇ ਪੈਂਦੇ ਹਨ? ਪ੍ਰੋ: ਸਾਹਿਬ ਨੇ ਉਸ ਦੀ ਸੋਚ ਬਦਲ ਕੇ, ਉਸ ਦੇ ਜੀਵਨ ਦਾ ਦ੍ਰਿਸ਼ਟੀਕੋਣ ਹੀ ਬਦਲ ਦਿੱਤਾ। ਇਸ ਤਰਾਂ ਕਹਾਣੀਕਾਰ ਨੇ ਘਟਨਾਵਾਂ ਵਿੱਚ ਪਰਿਵਰਤਨ ਕਰਕੇ ਅਰਥ ਹੀ ਬਦਲ ਦਿੱਤੇ ਹਨ।"

"ਪਾਰੋ ਫੜੀ ਗਈ" ਕਹਾਣੀ ਕੱਚੇ ਕੋਠਿਆਂ ਦੇ ਵਾਸੀ ਕਹਾਣੀ ਸੰਗ੍ਰਿਹ ਦੀ ਚੌਥੀ ਕਹਾਣੀ ਹੈ। ਇਸ ਕਹਾਣੀ ਦੀ ਪਹਿਲੀ ਘਟਨਾ ਇਹ ਵਾਪਰਦੀ ਹੈ ਕਿ ਜਦੋਂ ਪਾਰੋ ਛੋਟੀ ਜਿਹੀ ਬੱਚੀ ਹੁੰਦੀ ਸੀ ਦੇਸ਼ ਦੋ ਹਿੱਸਿਆਂ ਵਿਚ ਵੰਡਿਆ ਜਾਂਦਾ ਹੈ। ਇਸ ਵਟਾਂਦਰੇ ਦੇ ਵਿਚ ਉਸ ਦੇ ਮਾਤਾ ਪਿਤਾ ਦੀ ਮੌਤ ਹੋ ਜਾਂਦੀ ਹੈ। ਉਹ ਰੁਲਦੀ ਹੋਈ ਆਪਣੇ ਚਾਚੀ ਜੀ ਦੇ ਨਾਲ ਭਾਰਤ ਆ ਜਾਂਦੀ ਹੈ, ਉਸ ਨੂੰ ਸਕੂਲ ਵਿੱਚ ਜਾਣ ਦਾ ਮੋਕਾ ਨਹੀਂ ਮਿਲਿਆ। ਇਸ ਕਰਕੇ ਉਹ ਘਰ ਦਾ ਸਾਰਾ ਕੰਮ ਕਰਦੀ ਅਨਪੜ੍ਹ ਹੀ ਰਹਿ ਜਾਂਦੀ ਹੈ। ਦੂਜੀ ਘਟਨਾ ਉਸ ਸਮੇਂ ਵਾਪਰਦੀ ਹੈ ਜਦੋਂ ਉਸ ਦੇ ਚਾਚਾ ਜੀ ਪੈਸੇ ਲੈ ਕੇ ਉਸ ਦਾ ਵਿਆਹ ਅਰਜਨ ਅਮਲੀ ਦੇ ਨਾਲ ਬੁਢਾਪੇ ਵਿਚ ਹੀ ਕਰ ਦਿੰਦੇ ਹਨ। ਇਸ ਕਰਕੇ ਉਸਦਾ ਵਿਆਹੁਤਾ ਜੀਵਨ ਕੋਈ ਬਹੁਤਾ ਵਧੀਆ ਨਹੀਂ ਰਹਿੰਦਾ। ਤੀਜੀ ਘਟਨਾ ਇਹ ਵਾਪਰਦੀ ਹੈ ਕਿ ਅਰਜਨ ਦੀ ਬਦਲੀ ਟ੍ਰੈਫਿਕ ਪੁਲਿਸ ਵਿਚ ਹੋ ਜਾਂਦੀ ਹੈ। ਉਹ ਹਰ ਰੋਜ਼ ਚੌਕ ਵਿਚ ਖੜ੍ਹ ਜਾਂਦਾ ਹੈ। ਉਹ ਰਸਤੇ ਵਿਚ ਟਰੈਕਟਰ ਟਰਾਲੀਆਂ। ਟੈਂਪੂਆ, ਟਰੱਕਾਂ ਤੋਂ ਸਮਾਨ ਚੁੱਕ ਕੇ ਘਰ ਲੈ ਜਾਂਦਾ ਹੈ।

ਚੌਥੀ ਘਟਨਾ ਇਹ ਵਾਪਰਦੀ ਹੈ ਕਿ ਜਦੋਂ ਚੌਂਕ ਵਿਚ ਇੱਕ ਟਰਾਲੇ ਦੇ ਹੇਠਾਂ ਆਉਣ ਕਾਰਨ ਅਰਜਨ ਦੀ ਮੌਤ ਹੋ ਜਾਂਦੀ ਹੈ, ਸ਼ਰਾਬੀ ਹੋਣ ਕਰਕੇ ਉਸ ਨੂੰ ਬਹੁਤ ਘੱਟ ਹੀ ਪੈਸੇ ਮਿਲਦੇ ਹਨ।

"ਪੰਜਵੀਂ ਘਟਨਾ ਉਸ ਸਮੇਂ ਵਾਪਰਦੀ ਹੈ ਜਦੋਂ ਤਨਖਾਹ ਬੰਦ ਹੋਣ ਕਾਰਨ ਪਾਰੋ ਆਰਥਿਕ ਤੰਗੀ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਸਮੇਂ ਉਹ ਕਈ ਬੱਚਿਆਂ ਨੂੰ ਸਾਂਭਣ ਦੇ ਲਈ ਤਿਆਰ ਹੋ ਜਾਂਦੀ ਹੈ।"

ਛੇਵੀਂ ਘਟਨਾ ਇਹ ਵਾਪਰਦੀ ਹੈ ਕਿ ਜਦੋਂ ਪਾਰੋਂ ਇਕ ਦਿਨ ਪ੍ਰੋ: ਸਾਹਿਬ ਦੇ ਬੱਚੇ ਨੂੰ ਅਫ਼ੀਮ ਤੇ ਲਾ ਦਿੰਦੀ ਹੈ, ਉਸ ਤੋਂ ਪਿਛੋਂ ਉਸਦੀ ਮਾਂ ਘਰ ਆ ਜਾਂਦੀ ਹੈ।

"ਇੱਟਾਂ ਦਾ ਰੰਗ" ਕਹਾਣੀ 'ਕੱਚੇ ਕੋਠਿਆਂ ਦੇ ਵਾਸੀ' ਕਹਾਣੀ ਸੰਗ੍ਰਿਹ ਦੀ ਸੱਤਵੀਂ ਕਹਾਣੀ ਹੈ ਇਸ ਕਰਕੇ ਅਸੀ ਦੇਖਦੇ ਹਾਂ ਕਿ ਯੂ. ਪੀ ਬਿਹਾਰ ਤੋਂ ਪ੍ਰਵਾਸੀ ਮਜ਼ਦੂਰਾਂ ਦੀ ਜ਼ਿੰਦਗੀ ਕਿਹੋ ਜਿਹੀ ਹੈ। ਇਹ ਲੋਕ ਦੋ ਡੰਗ ਦੀ ਰੋਟੀ ਲਈ ਆਪਣੇ ਸਟੇਟ ਨੂੰ ਛੱਡ ਕੇ ਪੰਜਾਬ ਵਿਚ ਆ ਕੇ ਭੱਠਿਆਂ ਤੇ ਕਿਵੇਂ ਕੰਮ ਕਰਦੇ ਹਨ। ਇਸ ਕਹਾਣੀ ਦੀ ਪਹਿਲੀ ਘਟਨਾ ਇਹ ਹੈ ਕਿ ਜਦੋਂ ਮਜ਼ਦੂਰਾਂ ਦਾ ਮੁੰਡਾ ਭੱਠੇ ਵਿੱਚ ਇਕ ਦਿਨ ਕੋਲੇ ਪਾ ਰਿਹਾ ਸੀ, ਅੱਗ ਉਸ ਸਮੇਂ ਉਸਦੀ ਬਾਂਹ ਨੂੰ ਚੱਟ ਜਾਂਦੀ ਹੈ, ਮੁੰਡਾ ਜ਼ਖ਼ਮੀ ਹੋ ਜਾਂਦਾ ਹੈ, ਉਸ ਦੇ ਮਾਂ ਬਾਪ ਦੇ ਕਮਾਏ ਪੈਸੇ ਮੁੰਡੇ ਦੇ ਉਪਰ ਹੀ ਲੱਗ ਜਾਂਦੇ ਹਨ। ਇਸ ਕਰਕੇ ਉਹ ਬਾਗ ਦਾ ਤਿਉਹਾਰ ਮਨਾਉਣ ਲਈ ਆਪਣੇ ਦੇਸ਼ ਨਹੀਂ ਗਏ। ਦੂਸਰੀ ਘਟਨਾ ਉਸ ਸਮੇਂ ਵਾਪਰਦੀ ਹੈ ਜਦੋਂ ਭੱਠੇ ਤੇ ਇੱਟਾਂ ਲੈਣ ਗਏ ਇਕ ਆਦਮੀ ਨੇ ਦੇਖਿਆ ਹੈ ਕਿ ਇਕ ਬਜ਼ੁਰਗ ਔਰਤ ਅਠਾਂਰਾਂ ਇੱਟਾਂ ਇੱਕ ਫੱਟੀ ਤੇ ਚਿਣ ਕੇ ਆਪਣੇ ਸਿਰ ਉਤੇ ਰੱਖ ਕੇ, ਉਸ ਭੱਠੇ ਵਿਚੋਂ ਬਾਹਰ ਕੱਢਦੀ ਹੈ, ਉਸ ਦੀ ਫੱਟੀ ਟੁੱਟ ਜਾਂਦੀ ਹੈ, ਉਸ ਦੇ ਪੈਰਾਂ ਤੇ ਇੱਟਾਂ ਵੱਜਦੀਆਂ ਹਨ ਤੇ ਪੈਰ ਦਾ ਛੱਤਾ ਫ਼ਿਸ ਜਾਂਦਾ ਹੈ।

ਤੀਜੀ ਘਟਨਾ ਉਸ ਸਮੇਂ ਵਾਪਰਦੀ ਹੈ ਜਦੋਂ ਇੱਟਾਂ ਖ਼ਰੀਦਣ ਆਇਆ ਵਿਅਕਤੀ ਇਹ ਦੇਖਦਾ ਹੈ ਕਿ ਭੱਠੇ ਤੇ ਕੰਮ ਕਰਨ ਵਾਲੇ ਮਜ਼ਦੂਰਾਂ ਦੀ ਕੁੜੀ ਬਹੁਤ ਹੀ ਸੁੰਦਰ ਹੈ, ਉਸਦੀ ਸੁੰਦਰਤਾ ਇਹਨਾਂ ਇੱਟਾਂ ਦਾ ਵਿਚਕਾਰ ਹੀ ਘਿਰੀ ਪਈ ਹੈ, ਜੇਕਰ ਉਸ ਨੂੰ ਮੌਕਾ ਮਿਲੇ ਤਾਂ ਉਹ ਵੀ ਭਾਰਤ ਦੀ ਸੁੰਦਰ ਕੁੜੀ ਦਾ ਖ਼ਿਤਾਬ ਜਿੱਤ ਸਕਦੀ ਹੈ। ਇਸ ਕਹਾਣੀ ਦੀ ਚੌਥੀ ਘਟਨਾ ਉਸ ਸਮੇਂ ਵਾਪਰਦੀ ਹੈ ਜਦੋਂ ਇੱਟਾਂ ਖ਼ਰੀਦਣ ਵਾਲਾ ਵਿਅਕਤੀ ਇੱਟਾਂ ਖ਼ਰੀਦ ਕੇ ਆਪਣੇ ਘਰ ਜਾ ਕੇ ਪੱਖੇ ਦੇ ਹੇਠਾ ਪੈ ਜਾਂਦਾ ਹੈ, ਉਸ ਨੂੰ ਪਸੀਨਾ ਆਉਣਾ ਤਾਂ ਰੁਕ ਜਾਂਦਾ ਹੈ, ਪਰ ਉਸਨੇ ਮਨ ਨੂੰ ਸ਼ਾਂਤੀ ਨਹੀਂ ਮਿਲਦੀ। ਇਸ ਦਾ ਕਾਰਨ ਇਹ ਹੈ ਕਿ ਭਾਰਤ ਵਿਚ ਮਜ਼ਦੂਰਾਂ ਤੋਂ ਜਿੰਨਾਂ ਕੰਮ ਲਿਆ ਜਾਂਦਾ ਹੈ, ਪਰ ਉਸ ਦੀ ਮਿਹਨਤ ਨਹੀਂ ਦਿੱਤੀ ਜਾਂਦੀ। ਉਸ ਆਦਮੀ ਦਾ ਮਨ ਇਹ ਸੋਚ ਹੀ ਰਿਹਾ ਹੁੰਦਾ ਹੈ ਕਿ ਏਨੇ ਸਮੇਂ ਨੂੰ ਇੱਟਾਂ ਭਰੀਆਂ ਝੋਟਾ ਰੇਹੜੀਆਂ ਆ ਜਾਂਦੀਆਂ ਹਨ, ਉਸ ਦਾ ਪੁੱਤਰ ਕਹਿੰਦਾ ਹੈ ਕਿ ਇੱਟਾਂ ਕਿੰਨੀਆਂ ਲਾਲ ਲਾਲ ਹਨ, ਉਸ ਦੇ ਮੂੰਹੋ ਸੁਭਾਵਕ ਹੀ ਨਿਕਲ ਜਾਂਦਾ ਹੈ ਕਿ ਇਹ ਮਜ਼ਦੂਰਾਂ ਦੇ ਖ਼ੂਨ ਵਰਗੀਆਂ। ਇਸ ਕਾਰਨ ਕਹਾਣੀਕਾਰ ਨੂੰ ਲਾਲ ਰੰਗ ਭਾਵ ਇਨਕਲਾਬੀ ਰੰਗ ਪਸੰਦ ਹੈ ਜੋ ਕਿ ਕਿਰਤੀ ਲੋਕਾਂ ਦੇ ਖ਼ੂਨ ਦੀ ਵਤਾਲਤ ਕਰਦਾ ਹੈ"

'ਕੱਚੇ ਕੋਠਿਆ ਦੇ ਵਾਸੀ' ਕਹਾਣੀ ਸੰਗ੍ਰਿਹ ਦੀ ਬਾਹਰਵੀ ਕਹਾਣੀ ਹੈ। ਇਸ ਕਹਾਣੀ ਦੀ ਪਹਿਲੀ ਘਟਨਾ ਉਸ ਸਮੇਂ ਵਾਪਰਦੀ ਹੈ, ਜਦੋਂ ਸੁਰਜਨ ਗੱਪੀ ਦੀ ਨੂੰਹ ਆਪਣੇ ਕੋਠੇ ਤੇ ਪਿਸ਼ਾਬ ਕਰਨ ਲਈ ਚੜਦੀ ਹੈ, ਉਹ ਆਲੇ ਦੁਆਲੇ ਦੇਖ ਕੇ ਮੰਜੇ ਦੀ ਓਟ ਵਿਚ ਬੈਠ ਜਾਂਦੀ ਹੈ। ਉਹ ਛੱਤ ਦੀ ਹਾਲਤ ਬਾਰੇ ਸੋਚਦੀ ਹੈ ਦੂਜੀ

ਘਟਨਾ ਉਸ ਸਮੇਂ ਵਾਪਰਦੀ ਹੈ ਜਦੋਂ ਸਾਉਣ ਦੇ ਮਹੀਨੇ ਦੀ ਕਾਲੀ ਘਟਾ ਚੜ੍ਹ ਕੇ ਆ ਜਾਂਦੀ ਹੈ, ਜਿਸ ਤੋਂ ਇਹ ਪਤਾ ਲੱਗਦਾ ਹੈ ਕਿ ਸਾਉਣ ਦਾ ਮਹੀਨਾ ਆ ਰਿਹਾ ਹੈ ਮੀਂਹ ਪੈਣ ਦੀਆਂ ਤਿਆਰੀਆਂ ਹਨ। ਚੌਥੀ ਘਟਨਾ ਉਸ ਸਮੇਂ ਵਾਪਰਦੀ ਹੈ ਜਦੋਂ ਕਹਾਣੀ ਦੀ ਮੁੱਖ ਪਾਤਰ ਬੀਰੋ ਨੂੰ ਇਹ ਯਾਦ ਆਉਣਾ ਹੈ ਕਿ ਹਾੜੀ ਦੀ ਵਾਢੀ ਕਾਰਨ ਉਹ ਛੱਤ ਤੇ ਧਿਆਨ ਨਹੀਂ ਦੇ ਸਕੀਆਂ। ਭੰਜਵੀ ਘਟਨਾ ਵਿਚ ਬੀਰੋ ਦੀ ਸੱਸ ਆਪ ਬਿਮਾਰ ਹੋ ਕੇ ਪੈ ਜਾਂਦੀ ਹੈ, ਇਸ ਕਰਕੇ ਉਹ ਮਿੱਟੀ ਦਾ ਪ੍ਰਬੰਧ ਨਹੀਂ ਕਰ ਸਕੀ। ਇਸ ਕਰਕੇ ਮਿੱਟੀ ਨੂੰ ਜਾਣ ਵਾਸਤੇ ਉਹ ਆਪਣੀ ਸੱਸ ਨੂੰ ਮਨਾ ਲੈਂਦੀ ਹੈ। ਬੀਰੋ ਅਤੇ ਉਸਦੀ ਨਣਾਨ ਦੋਵੇਂ ਹੀ ਮਿੱਟੀ ਲੈਣ ਲਈ ਭੱਠੇ ਵਾਲੇ ਟੋਇਆਂ ਵਿਚ ਚਲੀਆਂ ਜਾਂਦੀਆ ਹਨ। ਕਹੀ ਦਾ ਟੱਕ ਮਾਰਨ ਦੇ ਨਾਲ ਸਾਰੀ ਢਿੱਗ ਡਿਗ ਪੈਂਦੀ ਹੈ। ਇਸ ਕਾਰਨ ਦੋਵੇ ਜਣੀਆਂ ਦੀ ਮਿੱਟੀ ਦੀ ਢਿੱਗ ਦੇ ਥੱਲੇ ਆ ਜਾਂਦੀਆਂ ਹਨ।

"ਇਸ ਕਹਾਣੀ ਦੀ ਸਥਿਤੀ ਦਾ ਵਿਅੰਗ ਇਹ ਹੈ ਕਿ ਘਰ ਦੀ ਢਿੱਗ ਵਾਂਗ ਹੈ ਅਤੇ ਢਿੱਗ ਘਰ ਵਾਂਗ, ਜਿਥੇ ਗਰੀਬਾਂ ਲਈ ਦੋਂਵੇ ਹੀ ਮੌਤ ਦੇ ਸਮਾਨ ਹਨ, ਜਦੋਂ ਮਰਜੀ ਡਿੱਗ ਸਕਦੇ ਹਨ।"

"ਮੈ ਹਨੂੰਮਾਨ ਬਣਾਂਗਾ" ਕਹਾਣੀ 'ਕੱਚੇ ਕੋਠਿਆਂ ਦੇ ਵਾਸੀ' ਕਹਾਣੀ ਸੰਗ੍ਰਿਹ ਦੀ ਆਖਰੀ ਕਹਾਣੀ ਹੈ। ਇਸ ਕਹਾਣੀ ਦੀ ਪਹਿਲੀ ਘਟਨਾ ਉਸ ਸਮੇਂ ਵਾਪਰਦੀ ਹੈ ਇਸ ਕਹਾਣੀ ਦੇ ਮੁੱਖ ਪਾਤਰ ਦੇ ਪਿਤਾ ਜੀ ਦੀ 1962 ਦੀ ਲੜਾਈ ਲੱਗਣ ਸਮੇਂ, ਦੋਂਵੇ ਲੱਤਾ ਕੱਟੀਆਂ ਜਾਂਦੀਆਂ ਹਨ, ਇਸ ਸਮੇਂ ਉਹ ਅਪਾਹਜ ਹੋ ਕੇ ਆਪਣੇ ਘਰ ਮੰਜੇ ਤੇ ਪੈ ਜਾਂਦਾ ਹੈ। ਉਸ ਨੂੰ ਸਰਕਾਰ ਵੱਲੋਂ ਥੋੜੀ ਮੋਟੀ ਪੈਂਸ਼ਨ ਮਿਲ ਜਾਂਦੀ ਹੈ। ਇਸ ਨਾਲ ਵੀ ਘਰ ਦਾ ਗੁਜਾਰਾ ਕਰਨਾ ਔਖਾ ਹੈ। ਦੂਸਰੀ ਘਟਨਾ ਉਸ ਸਮੇਂ ਵਾਪਰਦੀ ਹੈ ਜਦੋਂ ਉਸ ਦੇ ਕੱਚੇ ਘਰ ਵਿਖ ਰੌਸ਼ਨੀ ਇਸ ਕਰਕੇ ਨਹੀਂ ਆਉਂਦੀ ਕਿਉਂਕਿ ਅਮੀਰਾਂ ਨੇ ਉਸ ਦੇ ਆਲੇ ਦੁਆਲੇ ਕੋਠੀਆਂ ਪਾ ਲਈਆਂ ਹਨ। ਇਸ ਕਹਾਣੀ ਵਿੱਚ ਤੀਸਰੀ ਘਟਨਾ ਉਸ ਸਮੇਂ ਵਾਪਰਦੀ ਹੈ ਜਦੋਂ ਹਨੁਮਾਨ ਪ੍ਰਸ਼ਾਦ ਦੇ ਪਿਤਾ ਜੀ ਦੀ ਮੌਤ ਹੋ ਜਾਂਦੀ ਹੈ, ਇਸ ਨਾਲ ਉਸ ਦੀ ਮਾਤਾ ਜੀ ਦੇ ਸਿਰ ਦਾ ਸਾਈ ਸਦਾ ਲਈ ਇਸ ਦੁਨੀਆਂ ਤੋਂ ਤੁਰ ਜਾਂਦਾ ਹੈ।

ਚੌਥੀ ਘਟਨਾ ਵਿਚ ਜਦੋਂ ਘਰ ਚੁੱਲੇ ਦਾ ਸਾਰਾ ਸਾਮਾਨ ਹੀ ਮੁਕਿਆ ਪਿਆ ਹੈ। ਉਸ ਦੀ ਮਾਂ ਨੇੜੇ ਦੀ ਦੁਕਾਨ ਤੋਂ ਸੌਦਾ ਲੈਣ ਲਈ ਜਾਂਦਾ ਹੈ। ਦੁਕਾਨਦਾਰ ਉਸ ਦੇ ਸਰੀਰ ਤੇ ਹਮਲਾ ਕਰ ਦਿੰਦਾ ਹੈ, ਉਸ ਦੇ ਮੂੰਹ ਅਤੇ ਸਰੀਰ ਨੂੰ ਜ਼ਖ਼ਮੀ ਕਰ ਦਿੰਦਾ ਹੈ, ਉਹ ਆਪਣੀ ਇੱਜਤ ਬਚਾਉਣੀ ਹੋਈ ਮਸਾ ਹੀ ਘਰ ਪਰਤਦੀ ਹੈ।

ਇਸ ਕਹਾਣੀ ਵਿਚ ਪੰਜਵੀਂ ਘਟਨਾ ਉਸ ਵਕਤ ਵਾਪਰਦੀ ਹੈ ਜਦੋਂ ਹਨੁਮਾਨ ਨੂੰ ਰਾਮ ਲੀਲਾ ਦੇ ਵਿਚ ਹਨੁਮਾਨ ਦਾ ਰੋਲ ਕਰਨ ਦਾ ਮੌਕਾ ਮਿਲਦਾ ਹੈ, ਉਸਨੂੰ ਨਿਰਦੇਸ਼ਕ ਦੇ ਦੁਆਰਾ ਵਾਰ ਵਾਰ ਸੀਨ ਸਮਝਾਇਆ ਜਾਂਦਾ ਹੈ। ਇਸ ਕਹਾਣੀ ਵਿਚ ਛੇਵੀਂ ਘਟਨਾ ਉਸ ਸਮੇਂ ਵਾਪਰਦੀ ਹੈ ਜਦੋਂ ਹਨੂਮਾਨ ਪ੍ਰਸਾਦ ਨੇ ਹਨੂਮਾਨ ਦੇ ਰੋਲ ਸਮੇਂ ਮੰਚ ਤੋਂ ਛਾਲ ਮਾਰ ਕੇ, ਰਾਮ ਲੀਲਾ ਕਮੇਟੀ ਨੇ ਆਖਰੀ ਘਟਨਾ ਵਿੱਚ ਪਰਿਵਰਤਨ ਕਰਕੇ ਸਾਰੀ ਹੀ ਕਹਾਣੀ ਦੇ ਅਰਥ ਬਦਲ ਕੇ ਰੱਖ ਦਿੱਤੇ ਹਨ।"

### (ਅ) 'ਮੈ' ਪਾਤਰ ਦਾ ਪ੍ਰਯੋਗ

ਕਹਾਣੀ ਵਿਚਲੇ ਸੱਚ ਨੂੰ ਵਧੇਰੇ ਯਥਾਰਥਕ ਬਣਾਉਣ ਲਈ ਲੇਖਕ ਨੇ ਕਹਾਣੀ ਵਿੱਚ ਮੈਂ ਪਾਤਰ ਵਜੋਂ ਪ੍ਰਵੇਸ਼ ਕੀਤਾ ਹੈ। ਇਸ ਨਾਲ ਪਾਠਕ ਦੇ ਲਈ ਕਹਾਣੀ ਵਧੇਰੇ ਪ੍ਰਮਾਣਕ ਬਣ ਜਾਂਦੀ ਹੈ। ਗੁਰਮੇਲ ਮਡਾਹੜ ਨੇ 'ਪੂਰਬੀਏ' ਕਹਾਣੀ ਵਿਚ ਇਸ ਤਰਾਂ ਪੇਸ਼ ਕੀਤਾ ਹੈ ਛੁੱਟੀ ਦਾ ਦਿਨ ਹੋਵੇ, ਮੇਰਾ ਵਕਤ ਨਾ ਕੱਟਦਾ ਹੋਵੇ ਤਾ ਮੈਂ ਉਸ ਕੋਲ ਜਾ ਬਹਿੰਦਾ ਹਾਂ ਤੇ ਕਹਿੰਦਾ ਹਾਂ "ਸੁਣਾ ਚਾਚੀ ਬਾਈ ਦੀ ਕੋਈ ਚਿੱਠੀ ਨਹੀਂ ਆਈ?" "ਹਾਂ ਆਈ ਹੈ, ਪੁੱਤ ਕੱਲ੍ਹ ਹੀ, ਨਾਲੇ ਦੋ ਕੁ ਹਜ਼ਾਰ ਰੁਪਈਏ ਵੀ ਭੇਜੇ ਨੇ। ਆਹ ਦੇਖ ਮੇਰੇ ਲਈ ਗਰਮ ਸ਼ਾਲ ਤੇ ਨਿੱਕੇ ਲਈ ਬਨੈਣ ਭੇਜੀ ਐ ਫੇਰ ਉਹ ਝੱਟ ਸ਼ਾਲ ਤੇ ਬਨੈਣ ਲਿਆ ਕੇ ਮੇਰੇ ਅੱਗੇ ਰੱਖ ਦੇਂਦੀ ਹੈ।

"ਸ਼ਾਲ ਦੇਖ ਪੁੱਤ ਕਿੰਨੀ ਗਰਮ ਹੈ ਤੇ ਬਨੈਣ ਨਿੱਕਾ ਕਹਿੰਦਾ ਸੀ ਅਸਲੀ ਨਾਈਲੋਨ ਦੀ ਐ।"

"ਆਹੋ, ਚਾਚੀ ਸ਼ਾਲ ਤੇ ਤੂੰ ਦਾਲ ਧਰਕੇ ਤੜਕ ਲਿਆ ਕਰ, "ਮੈ ਮਿੱਠਾ ਜਹਿਾ ਮਖੌਲ ਕਰ ਦੇਂਦਾ ਹਾਂ।

'ਸੇਵਕ' ਕਹਾਣੀ ਵਿੱਚੋਂ ਇਸ ਤਰਾਂ ਪੇਸ਼ ਕਰਦਾ ਹੈ ਬਹੁਤ ਤੇਜ਼ ਦੌੜਨ ਮੈ ਗੱਡੀ ਫੜ ਲਈ।

ਜਸ ਡੱਬੇ ਵਿਚ ਮੈਂ ਸਵਾਰ ਸਾਂ ਉਸ ਵਿੱਚ ਭੀੜ ਤਾਂ ਕੁਝ ਵੀ ਨਹੀਂ ਸੀ, ਪਰ ਇਕ ਪਾਸੇ ਸਾਹਿਬ ਲੰਮੇ ਲੇਟੇ ਹੋਏ, ਅਖ਼ਬਾਰ ਪੜ੍ਹ ਰਹੇ ਸਨ, ਜਿਸ ਕਰਕੇ ਤਿੰਨ ਚਾਰ ਆਦਮੀਆਂ ਨੂੰ ਖੜ੍ਹਨਾ ਪੈ ਰਿਹਾ ਸੀ।

ਬਾਬੂ ਜੀ, ਜੇ ਲੱਤਾਂ ਇੱਕਠੀਆਂ ਕਰ ਲਵੇ ਤਾਂ ਅਸੀਂ ਵੀ ਬਹਿ ਜਾਈਏ, 'ਮੈ" ਆਪਣੇ ਨਾਲ ਤਿੰਨ ਚਾਰ ਹੋਰ ਸਾਥੀਆਂ ਵੱਲ ਇਸ਼ਾਰਾ ਕਰਦਿਆਂ ਆਖਿਆ। ਬਾਬੂ ਨੇ ਮੂੰਹ ਅੱਗੋਂ ਅਖ਼ਬਾਰ ਹਟਾਇਆ ਤੇ ਮੱਥੇ ਵਿਚ ਤਿਊੜਿਆਂ ਪਾ ਕੇ ਗਹਿਰੀਆਂ ਅੱਖਾਂ ਨਾਲ ਮੇਰੇ ਵੱਲ ਦੇਖਦਿਆਂ ਲੱਤਾਂ ਇਕਠੀਆਂ ਕਰ ਲਈਆਂ ਤੇ ਅਸੀ ਬੈਠ ਗਏ।

'ਦੇਖਣ ਵਾਲਾ ਪਟਿਆਲਾ' ਕਹਾਣੀ ਵਿੱਚ ਇਸ ਤਰ੍ਹਾਂ ਪੇਸ਼ ਕਰਦਾ ਹੈ। ਬਸ ਚੱਲਣ ਵਿਚ ਅਜੇ ਦੇਰ ਹੈ। ਮੇਰੇ ਦੁਆਲੇ ਸ਼ੋਰ ਪੈ ਰਿਹਾ ਹੈ, ਚੀਜਾਂ ਵੇਚਣ ਵਾਲਿਆਂ ਦਾ ਜਾਂ ਫੇਰ ਆਪਣੇ ਪਿੰਡਾਂ ਵੱਲ ਜਾਣ ਵਾਲੀਆਂ ਅਨਪੜ੍ਹ ਸਵਾਰੀਆਂ ਦਾ ਇਕ ਮਿੰਟ ਮਗਰੋਂ ਬੱਸ ਅੱਡੇ ਵਿੱਚੋਂ ਨਿਕਲਦੀ ਤੇ ਵੜਦੀ। ਬੱਸਾਂ ਦਾ ਤੇਲ ਮੇਰੀ ਮਗਜ਼ ਨੂੰ ਚੜਦਾ ਜਾ ਰਿਹਾ ਹੈ। ਮੇਰਾ ਮੱਥਾ ਫਟਣ ਵਾਲਾ ਹੋ ਗਿਆ ਹੈ।" ਲਉ ਦੇਖ ਲਿਆ ਪਟਿਆਲਾ, ਮੈ ਸੋਚਦਾ ਹਾਂ।

ਇੰਟਰਵਿਉ ਅਟੈਂਡ ਕਰਨ ਤੋਂ ਜਿਆਦਾ ਚਾਅ ਸੀ ਪਟਿਆਲਾ ਦੇਖਣ ਦਾ। ਅੱਜ ਸਵੇਰੇ ਪੰਜ ਵਜੇ ਉਠ ਕੇ ਚਾਈਂ-ਚਾਈਂ ਤਿਆਰ ਹੋ ਕੇ ਸਵਾ ਛੇ ਵਜੇ ਵਾਲੀ ਬੱਸ ਫੜ ਲਈ ਕਿਉਂਕਿ ਇੰਟਰਵਿਉ ਦਾ ਵਕਤ ਨੌਂ ਵਜੇ ਦਾ ਸੀ। ਸਾਡੇ ਸੱਤ ਵਜੇ ਮੈ ਪਟਿਆਲਾ ਪਹੁੰਚ ਗਿਆ ਸੀ। ਅੱਠ ਦੱਸ ਮਿੰਟ ਬੱਸ ਨੇ ਪਟਿਆਲਾ ਵੜਨ ਤੋਂ ਲੈ ਕੇ ਬੱਸ ਅੱਡੇ ਤਕ ਪਹੁੰਚਣ ਵਿਚ ਲਗਾ ਦਿੱਤੇ। ਐਡੇ ਵੱਡੇ ਸ਼ਹਿਰ ਵਿੱਚ ਮੈ ਦਫ਼ਤਰ ਕਿਵੇਂ ਲੱਭਾਂ? ਮੇਰੇ ਮਨ ਵਿਚ ਇਕ ਸਵਾਲ ਉੱਭਰ ਆਇਆ ਸੀ ਤੇ ਫ਼ੇਰ ਖਿਆਲ ਆਇਆ ਕਿ ਰਿਕਸ਼ੇ ਵਾਲੇ ਨੂੰ ਅਠਿਆਨੀ ਦੇ ਦਿਆਂਗਾ।

"ਡੋਰ ਦੀ ਗੁੱਛੀ" ਕਹਾਣੀ ਵਿੱਚ ਲੇਖਕ ਇਸ ਤਰਾਂ ਬਿਆਨ ਕਰਦਾ ਹੈ ਬਸੰਤ ਦੇ ਦਿਨ ਅੱਠ ਸਾਢੇ ਅੱਠ ਵਜੇ ਓਮੀ ਤੇ

ਬਲਬੀਰ ਮੇਰੇ ਚੁਬਾਰੇ ਤੇ ਪਤੰਗ ਚੜਾਉਣ ਲਈ ਆ ਜਾਂਦੇ ਸੀ।ਅਸੀਂ ਪਤੰਗ ਉੜਾਉਂਦੇ ਰਹੇ ਲੋਕਾਂ ਦੇ ਕੱਟਦੇ ਰਹੇ, ਆਪਣੇ ਕਟਾਉਂਦੇ ਰਹੇ ਅਤੇ ਹੋਰ ਮੰਗਵਾਉਂਦੇ ਰਹੇ, ਤੀਹ-ਤੀਹ, ਪੰਜਹ-ਪੰਜਾਹ ਤੇ ਪਝੰਤਰ-ਪਝੰਤਰ ਪੈਸਿਆਂ ਵਾਲੇ।

ਪਤੰਗਾਂ ਦੀ ਖੇਡ ਨਾਲ ਸਾਨੂੰ ਇਕ ਹੋਰ ਖੇਡ ਮਿਲ ਗਈ ਸੀ, ਮੇਰੇ ਘਰ ਦੇ ਮੁਹਰੇ ਬਣ ਰਹੀਆਂ ਮਿਊਸੀਂਪਲ ਕਮੇਟੀ ਦੀਆਂ ਨਾਲੀਆਂ ਤੇ ਕੰਮ ਕਰ ਰਹੀ ਲੇਬਰ ਵਿੱਚੋਂ ਇਕ ਚੌਦਾਂ ਪੰਦਰਾਂ ਸਾਲ ਦੀ ਕੁੜੀ।

ਮੈਂ ਉੱਠਕੇ ਪਤੰਗ ਫੜ ਲਈ, ਪਰ ਜਦੋਂ ਮੈਂ ਪਿਛੋਂ ਡੋਰ ਖਿਚਣੀ ਸ਼ੁਰੂ ਕੀਤੀ ਤਾ ਡੋਰ ਤਣ ਗਈ ਸੀ, ਸ਼ਾਇਦ ਵੀਹੀ ਵਿਚ ਕਿਸੇ ਹੋਰ ਨੇ ਫੜ ਲਈ ਹੋਵੇ। ਮੈਂ ਝੁਕ ਕੇ ਦੇਖਿਆ ਉਹ ਕੁੜੀ ਡੋਰ ਫੜੀ ਖੜੀ ਸੀ।

ਸ਼ਾਮ ਦੇ ਸਾਢੇ ਪੰਜ ਵੱਜ ਗਏ ਸਨ। ਜਦ ਮੈਂ ਮਿੱਤਰਾਂ ਨੂੰ ਵਿਦਾ ਕਰਕੇ ਮੁੜਿਆ ਸਾਂ, ਲੇਬਰ ਦਾ ਵੀ ਛੁੱਟੀ ਦਾ ਸਮਾਂ ਹੋ ਗਿਆ ਸੀ। ਉਹ ਆਪਣੇ ਸੰਦ ਸੰਭਾਲ ਰਹੇ ਸਨ। ਮੈਂ ਬੂਹੇ ਅੱਗੇ ਖੜਾ ਲੇਬਰ ਨੂੰ ਛੁੱਟੀ ਕਰਦਿਆਂ ਦੇਖ ਰਿਹਾ ਸੀ।

> "ਵੇ ਭਾਈ. . ." ਉਸ ਕੁੜੀ ਨੇ ਮੈਨੂੰ ਸੰਬੋਧਨ ਕੀਤਾ।
> "ਹੂੰ . . . . . .।" ਮੈ ਚੱਕ ਕੇ ਕਿਹਾ।
> ਉਹ ਪਤਲੀ ਡੋਰ ਦੀ ਗੁੱਛੀ ਤਾਂ ਦੇ ਦੇ।
> "ਪਤੰਗ ਉਡਾਈਏ," ਮੈ ਟਿੱਚਰ ਕੀਤੀ।
> "ਨਹੀਂ ਕੱਪੜੇ ਸਿਉਂ ਲਉਂਗੀ, ਕਹਿਕੇ ਉਸਨੇ ਅੱਖਾਂ ਨੀਵੀਆਂ ਪਾ ਲਈਆਂ ਸਨ।

"ਵੈਦ ਧਨੰਤਰ" ਕਹਾਦੀ ਕੱਚੇ ਕੋਠਿਆਂ ਦੇ ਵਾਸੀ ਕਹਾਣੀ ਸੰਗ੍ਰਿਹ ਦੀ ਤੀਸਰੀ ਕਹਾਣੀ ਹੈ ਇਸ ਵਿਚ ਲੇਖਕ ਇਸ ਤਰ੍ਹਾਂ ਪੇਸ਼ ਕਰਦਾ ਹੈ। ਮੈ ਮੰਜੇ ਤੇ ਪਿਆ ਸੋਚਣ ਲੱਗ ਪੈਂਦਾ ਹਾਂ ਕਿ ਹੁਣ ਜੇ ਕੋਈ ਬੰਦਾ ਮੈਨੂੰ ਕਹੇ ਬਈ ਬਾਤ ਸੁਣਾ ਤਾਂ ਮੈ ਕਿਹੜੀ ਬਾਤ ਸੁਣਾਵਾਂ? ਬਾਤਾਂ ਪਾਉਣੀਆਂ ਤਾਂ ਮੈਨੂੰ ਆਉਂਦੀਆਂ ਹੀ ਨਹੀਂ। ਣਾਦੀ ਛੋਟੇ ਹੁੰਦੇ ਦੀ ਹੀ ਮਰ ਗਈ ਸੀ। ਤੇ ਨਾਨੀ ਨੂੰ ਉੰਝ ਘਰ ਦੀ ਕਬੀਲਦਾਰੀ 'ਚ ਵਿਹਲ ਨਹੀਂ ਮਿਲਦੀ। ਬਾਤਾਂ ਪਾਉਣੀਆਂ ਕਿਸ ਤੋਂ ਸਿਖਦਾ? ਫੇਰ ਮੈਂ ਨਾਂਹ ਕਰ ਸਕਦਾ ਸੀ, ਕਿਉਂਕਿ ਜੇ ਅਗਲੇ ਨੇ ਇਹ ਵੀ ਕਹਿ ਦਿੱਤਾ ਕਿ ਵੱਡਾ ਕਹਾਣੀਕਾਰ ਬਣਿਆ ਫਿਰਦੈ, ਬਾਤ ਸਾਲੇ ਨੂੰ ਪਾਉਣੀ ਨਹੀਂ ਆਉਂਦੀ ਤਾਂ ਮੇਰੀ ਕੀ ਰਹੇਗੀ? ਮਿੱਟੀ ਵਿਚ ਮਿਲ ਜਾਏਗੀ ਸਾਰੀ ਬਣੀ ਬਣਾਈ। ਫੇਰ ਸੋਚਦਾ ਹਾਂ ਕਿ ਇਹ ਕਿਹੜੀ ਔਖੀ ਗੱਲ ਹੈ ਜੋੜ-ਤੋੜ ਕੇ ਸੁਣਾ ਹੀ ਦਿਆਂਗਾ। ਕੁਝ ਨਾ ਕੁਝ ਪਰ ਫੇਰ ਵੀ ਸੁਣਾਉਣ ਤੋਂ ਪਹਿਲਾਂ ਮੈਨੂੰ ਇਕ ਰਹਿਸਲ ਜ਼ਰੂਰ ਕਰ ਲੈਣੀ ਚਾਹੀਦੀ ਹੈ।

ਕਹਾਣੀ ਸ਼ੁਰੂ ਕਰਨ ਤੋਂ ਪਹਿਲਾਂ ਮੈਂ ਉਸ ਆਦਮੀ ਨੂੰ ਪੁਛਾਂਗਾ, 'ਹਾਂ ਬਈ ਪਹਿਲਾ ਇਹ ਦੱਸ ਹੱਡ ਬੀਤੀ ਸੁਣਾਵਾ ਕੇ ਜੱਗ ਬੀਤੀ? ਜੇ ਉਸ ਨੇ ਕਹਿ ਦਿੱਤਾ ਕਿ ਹੱਡ ਬੀਤੀ ਸੁਣਾ ਫੇਰ ਤਾਂ ਮੋਜ਼ ਹੀ ਬਣ ਜਾਵੇਗੀ। ਅਨੇਕਾਂ ਘਟਨਾਵਾਂ ਬੀਤੀਆਂ ਹਨ, ਜ਼ਿੰਦਗੀ ਵਿਚ ਕੋਈ ਨਾ ਕੋਈ ਸੁਣਾ ਹੀ ਦਿਆਂਗਾ ਜਿਹੜੀ ਮੌਕੇ ਤੇ ਫਿੱਟ ਬੈਠ ਗਈ। ਚਲੋ ਇਹੀ ਸੁਣਾ ਦਿਆਂਗਾ। ਇਕ ਸੀ ਦਫ਼ਤਰ ..... ਜਿਸ ਵਿਚ ਬਹੁਤ ਸਾਰੇ ਕਰਮਚਾਰੀ ਕੰਮ ਕਰਦੇ ਸਨ... ਮੁੰਡੇ ਅਤੇ ਕੁੜੀਆਂ ... ਦਫ਼ਤਰ ਵਿਚ ਵੱਖ-ਵੱਖ ਕੰਮ ਕਰਦੇ ਸਨ... ਵੱਖ-ਵੱਖ ਬਰਾਂਚਾ ਵਿਚ ਵੱਖ-ਵੱਖ ਮੁੱਖੀ ਵੀ ਹੁੰਦੇ ਸਨ। ਇਹਨਾਂ ਮੁਖੀਆਂ ਦੇ ਅੱਗੋਂ ਇਕ ਬੌਸ ਹੁੰਦਾ ਸੀ। ਜਿਹੜਾ ਇਕ-ਇਕ ਕਰਕੇ ਕੁੜੀਆਂ ਨੂੰ ਆਪਣੇ ਦਫ਼ਤਰ ਵਿੱਚ ਸਦ ਕੇ ਅਜਿਹਾ ਚੋਗਾ ਪਾਉਂਦਾ ਸੀ ਉਹ ਕੁੜੀਆਂ ਚਿੜੀਆਂ ਦੀ ਤਰ੍ਹਾਂ ਆਲੇ-ਦੁਆਲੇ ਚੱਕਰ ਕੱਟਦ ਲੱਗ ਪੈਂਦੀਆਂ ਪਰ ਨਹੀਂ ਕੁੜੀਆਂ ਦੀਆਂ ਗੱਲਾਂ ਤੇ ਆਮ ਸੱਥਾਂ ਵਿਚ, ਦਰਵਾਜਿਆਂ ਦੀਆਂ ਚੌਕੜੀਆਂ ਤੇ ਹੁੰਦੀਆਂ ਰਹਿੰਦੀਆਂ ਹਨ।

"ਚੋਣ" ਕਹਾਣੀ 'ਕੱਚੇ ਕੋਠਿਆਂ ਦੇ ਵਾਸੀ' ਕਹਾਣੀ ਸੰਗ੍ਰਿਹ ਦੀ ਨੌਵੀਂ ਕਹਾਣੀ ਹੈ ਇਸ ਨੂੰ ਲੇਖਕ ਇਸ ਤਰ੍ਹਾਂ ਪ੍ਰਸਤੁਤ ਕਰਦਾ ਹੈ ਜਿਸ ਤੇ ਮੈਂ ਬੈਠਾਂ ਸਾਂ, ਮੇਰੇ ਸੱਜੇ ਖੱਬੇ ਆਲੇ-ਦੁਆਲੇ ਮੁੱਕੇਬਾਜ਼ ਬੈਠੇ ਸਨ, ਵੱਖ-ਵੱਖ ਰੰਗਾਂ ਦੇ, ਖੇਡ ਬਸਤਰਾਂ ਤੇ ਬਲੇਜ਼ਰਾਂ ਵਿਚ ਸਜੇ ਹੋਏ। ਸਾਰਿਆਂ ਦੀਆਂ ਨਜ਼ਰਾਂ ਸਾਹਮਣੇ ਮੰਚ ਤੇ ਗੱਡੀਆਂ ਹੋਈਆਂ ਸਨ। ਮੰਚ ਜਿਸ ਦੁਆਲੇ ਸਾਰੇ ਪੋਲਾਂ ਨੂੰ ਗੱਡ ਕੇ ਉਹਨਾ ਵਿੱਚੋਂ ਦੋ ਕੇ ਚਿੱਟਾ ਇਕ ਤੇ ਲਾਲ ਅਤੇ ਇਕ ਤੇ ਹਰਾ ਕੱਪੜਾ ਚਾੜ੍ਹਿਆ ਹੋਇਆ ਸੀ। ਇਹਨਾਂ ਸਾਰੇ ਪੋਲਾਂ ਨੂੰ ਹਰ ਅਤੇ ਲਾਲ ਰੰਗ ਦੇ ਰੱਸਿਆਂ ਨਾਲ ਬੰਨ ਕੇ ਦੋ ਚੱਕਰ ਮਾਰੇ ਹੋਏ ਸਨ ਤਾਂ ਕਿ ਕੋਈ ਮੁੱਕੇਬਾਜ਼ ਦਾ ਕੁੱਟਿਆ ਹੋਇਆ ਜਾਂ ਧੱਕਿਆ ਹੋਇਆ ਮੰਚ ਤੇ ਹੇਠਾਂ ਨਾ ਜਾ ਡਿੱਗੇ।

ਮੁਕਾਬਲਾ ਸ਼ੁਰੂ ਹੋਣ ਵਿੱਚ ਕੁਝ ਮਿੰਟ ਬਾਕੀ ਸਨ। ਲੋਕੀ ਗੱਪਾਂ ਹੱਕ ਕੇ ਇਹ ਵਕਤ ਪੂਰਾ ਕਰ ਲੈਂਦੇ ਹਨ।

"ਨੈਸ਼ਨਲ ਵਾਸਤੇ ਮੁੰਡੇ ਇੱਥੋਂ ਹੀ ਚੁਣੇ ਜਾਣਗੇ? "ਮੇਰੇ ਸੱਜੇ ਹੱਥ ਦੀ ਕੁਰਸੀ ਤੇ ਬੈਠੇ ਮੁੱਕੇਬਾਜ਼ ਤੋਂ ਉਹਦਾ ਸਾਥੀ ਪੁਛ ਰਿਹਾ ਸੀ।

"ਆਹੋ, ਜਿਹੜੇ ਫਸਟ ਆਉਣਗੇ .... ਉਹਨਾਂ ਨੂੰ ਹੀ ਲੈ ਜਾਣਗੇ।"

ਮੁੱਕੇਬਾਜ਼ ਦੇ ਸਾਥੀ ਦੇ ਮੂੰਹੋਂ ਸ਼ਬਦ ਸੁਣ ਕੇ ਮੇਰੇ ਕੱਨ ਖੜੇ ਹੋ ਗਏ ਤੇ ਨਾਲ ਹੀ ਮੈਨੂੰ ਇਕ ਗੱਲ ਚੇਤੇ ਆਈ। ਮੈਂ ਰੇਲ ਗੱਡੀ ਵਿੱਚ ਸਫ਼ਰ ਕਰ ਰਿਹਾ ਹਾਂ।ਡੱਬੇ ਵਿੱਚ ਭਾਰਤ ਦੀ ਹਾਕੀ ਵਿਚ ਹੋਈ ਹਾਰ ਬਾਰੇ ਗੱਲਾਂ ਹੋ ਰਹੀਆਂ ਸਨ।

### 3. ਟਾਕਰੇ ਦੀ ਜੁਗਤ ਦਾ ਪ੍ਰਯੋਗ:

'ਅਣਗੌਲੇ ਆਦਮੀ' ਕਹਾਣੀ ਸੰਗ੍ਰਿਹ ਦੀ 'ਜ਼ਹਿਰ ਖਾਣ ਵਾਲੇ' ਕਹਾਣੀ ਵਿੱਚ ਕਹਾਣੀਕਾਰ ਇਸ ਤਰ੍ਹਾਂ ਪੇਸ਼ ਕਰਦਾ ਹੈ:

"ਤੂੰ ਮਾਂ ਸੌਂ ਜਾ, ਐਂਵੇ ਨਾ ਸਾਰਾ ਦਿਨ ਰੋਲਾ ਪਾਇਆ ਕਰ..... ਘੜੀ ਮੈਨੂੰ ਵੀ ਸੌਂਣ ਲੈਣ ਦੇ ... ਉਹ ਮਾਂ ਨੂੰ ਭੱਜ ਕੇ ਪੈਂਦਾ ਹੈ, ਪਰ ਮਾਂ ਦੀ ਬੁੜ ਬੁੜ ਉਵੇਂ ਹੀ ਜਾਰੀ ਰਹਿੰਦੀ ਹੈ? "ਵੇ .... ਕਿਵੇਂ ਨਾ ਬੋਲਿਆ ਕਰਾਂ ... ਜਿੱਦੇ ਤੇਰੇ ਪੁੱਤ ਧੀਆਂ ਹੋਗੇ, ਫੇਰ ਪਤਾ ਲਗੂ ਔਲਾਦ ਕੀ ਚੀਜ਼ ਹੁੰਦੀ ਹੈ ..... ਮਾਂ ਦੀ ਬੁੜ ਬੁੜ ਸੁਣਦਾ ਅੱਗ ਤੇ ਰਜਾਈ ਸੇਕਦਾ ਉਹ ਸੌਂ ਹੀ ਗਿਆ। ਸਵੇਰ ਹੁੰਦੀ ਸੈ। ਮਾਂ ਉਸ ਨੂੰ ਜਗਾਉਂਦੀ ਹੋਈ ਕਹਿੰਦੀ ਹੈ, "ਜਾ ਵੇਚ ਆ ਹੁਣ ਇਹਨ੍ਹਾਂ ਨੂੰ...।"

"ਚਾਹ ਨਹੀਂ ਬਣਾਈ ਮਾਂ? " ਉਹ ਠੰਢਾ ਚੁੱਲ੍ਹਾ ਦੇਖਦ ਹੋਇਆ ਪੁੱਛਦਾ ਹੈ?"

"ਮਿੱਠਾ ਤੇ ਚਾਹ ਤਾਂ ਹੈ ਹੀ ਨਹੀਂ।"

ਉਹ ਚਾਈਂ ਚਾਈਂ ਬੋਰੀ ਦਾ ਮੂੰਹ ਖੋਲ ਕੇ ਮੱਛੀ ਢੇਰੀ ਕਰ ਦਿੰਦਾ ਹੈ। ਹੁਣ ਹੋਰ ਗਾਹਕਾਂ ਦਾ ਇਕੱਠ ਵੀ ਉਹਦੇ ਆਲੇ ਦੁਆਲੇ ਜੁੜਿਆ ਹੈ ਤੇ ਉਹ ਮਾਲ ਦੀ ਫਰੋਲਾ ਫਰਾਲੀ ਕਰਨ ਲੱਗ ਪੈਂਦੇ ਹਨ।

"ਆਹ ਚੱਕ ਉਏ ਸਾਨੂੰ ਜ਼ਹਿਰ ਖਵਾਉਣ ਲੱਗਿਐ ....।"
"ਕੀ ਬਾਬੂ ਜੀ ...?" ਉਹ ਬੜੀ ਨਿਮਰਤਾ ਨਾਲ ਪੁੱਛਦਾ ਹੈ।
"ਗੱਲ ਦਿਆ ਬੱਚਿਆ ... ਸਾਨੂੰ ਸੱਪ ਖਵਾਉਣੇ ਨੇ ... ਉਹ ਆਦਮੀ ਆਪਣੀ ਖੂੰਡੀ ਦੀ ਨੋਕ ਨਾਲ ਹੱਥ ਕੁ ਦਾ ਇਕ ਸੱਪ ਮੱਛੀਆਂ ਚੋਂ ਕੱਢ ਕੇ ਬਾਹਰ ਰੱਖ ਦਿੰਦਾ ਹੈ।
"ਨਾਲੇ ਵਿੱਚ ਸੁੱਟਦੇ ... ਨਾਲੇ ਵਿਚ ... ਨਹੀਂ ਕਿਸੇ ਹੋਰ ਨੂੰ ਜ਼ਹਿਰ ਖਵਾਉਂਗਾ ... ਚੰਗਾ ਹੋਇਆ ਇਹ ਤਾਂ ਤੁਸੀ ਦੇਖ ਲਿਆ ਨਹੀਂ ਤਾਂ ... ਕਈ ਆਵਾਜ਼ਾਂ ਆਉਣੀਆਂ ਸ਼ੁਰੂ ਹੋ ਗਈਆਂ ਹਨ। ਦੇਖਦੇ-ਦੇਖਦੇ ਗਾਹਕ ਕੁਰਨ ਲੱਗ ਪਏ ਹਨ। ਬਿੱਲੂ ਦੇ ਚਿਹਰੇ ਰੰਗ ਫੱਕ ਹੋ ਗਿਆ ਹੈ। ਜਿਵੇਂ ਉਸਨੂੰ ਸੱਪ ਨੇ ਹੀ ਸੁੰਘ ਲਿਆ ਹੋਵੇ। ਉਹ ਮੱਛੀ ਬੋਰੀ ਵਿਚ ਪਾਉਣੀ ਸ਼ੁਰੂ ਕਰ ਦਿੰਦਾ ਹੈ।
"ਸਿਟ ਪਰੇ ਨਾਲੇ ਵਿਚ ... ਕੀ ਕਰੇਂਗਾ ਇਹਦਾ ...?" ਕੋਈ ਆਦਮੀ ਉਸਨੂੰ ਪੁੱਛਦਾ ਹੈ।
"ਖਾਉਂਗਾ।"
"ਇਹ ... ਕੇਰੀ ਮੱਤ ਤਾਂ ਨੀ ਮਾਰੀ ਗਈ? ਇਹ ਤਾਂ ਕਰੀਓ ਜ਼ਹਿਰ ਐ"
"ਹਾਂ ਬਾਬੂ ਜੀ, ਜ਼ਹਿਰ ਖਾਣ ਵਾਲਿਆਂ ਦੀ ਕਿਸਮਤ ਵਿਚ ਅੰਮ੍ਰਿਤ ਕਿੱਥੇ?"
"ਕਮਾਈ" ਕਹਾਣੀ 'ਅਣਗੌਲੇ ਆਦਮੀ' ਕਹਾਣੀ ਸੰਗ੍ਰਹਿ ਦੀ ਅੱਠਵੀਂ ਕਹਾਦੀ ਜਿਸ ਰਾਹੀ ਕਹਾਣੀਕਾਰ ਇਸ ਤਰ੍ਹਾਂ ਪੇਸ਼ ਕਰਦਾ ਹੈ:
"ਜੱਗਿਆ ......?"
ਜੀ .......
"ਸੁਰਜਨ ਕਹਿੰਦੇ ਮੇਰੀ ਸੰਗਰੂਰ ਵਿੱਚ ਪਲੱਸਤਰ ਕਰਨ 'ਚ ਕੋਈ ਬਾਂਹ ਨਹੀਂ ਫੜ ਸਕਦਾ। ਮੈਂ ਕਿਹਾ ਬਾਈ ਬੜਖਿਆਂ ਆਲਾ ਜੱਗਾ ਵੀ ਬੜੇ ਤਕੜੈ ਪਲੱਸਤਰ ਕਰਨ ਵਿਚ ਤਾਂ, ਪਰ ਉਹ ਕਹਿੰਦੈ ਕਿ ਮੈਂ ਤਾਂ ਉਹਦੀ ਕਈ ਵਾਰ ਬੂਥ ਲਵਾਈ ਐ।"
"ਐਵੇਂ ਮਾਰਦੈ ਸਾਲਾ ਭਕਾਈ, ਐਥੇ ਪਤਾ ਨਹੀਂ ਕਿਵੇਂ ਕੱਠੇ ਹੋਗੇ ... ਮੇਰੇ ਨਾਲ ਤਾਂ ਉਹ ਡਰਦਾ ਕਦੇ ਕੰਮ ਤੇ ਨਹੀ ਲੱਗਿਆ।"
ਜੱਗਾ ਕੁਝ ਮੈਨੂੰ ਜੋਸ਼ ਵਿੱਚ ਆ ਗਿਆ ਲੱਗਦਾ ਹੈ ਤੇ ਠੇਕੇਦਾਰ ਨੂੰ ਆਪਣਾ ਤੀਰ ਨਿਸ਼ਾਨੇ ਤੇ ਵੱਜਿਆ ਪ੍ਰਤੀਤ ਹੁੰਦਾ ਹੈ। ਮੈਂ ਠੇਕੇਦਾਰ ਦੇ ਮੂੰਹ ਵੰਨੀ ਤੱਕੀ ਜਾ ਰਿਹਾ ਹਾਂ ਕਿ ਇਹ ਕੀ ਡਰਾਮਾ ਖੇਡ ਰਿਹਾ ਹੈ। ਉਹ ਆਪਣੀਆਂ ਮੱਥੇ ਦੀਆਂ ਝੁਰੜੀਆਂ ਨੂੰ ਇਕੱਠੀਆਂ ਕਰਕੇ ਫੇਰ ਕਹਿੰਦਾ ਹੈ:
"ਅੱਜ ਦੋਹਾਂ ਨੂੰ ਕੰਮ ਤੇ ਮਜ਼ਦੂਬ ਵੀ ਇਕੋ ਜਿਹੇ ਦਿੱਤੇ ਨੇ ਹੁਣ ਦੇਖਿਆ ਦੋਹਾਂ ਦਾ ਬੱਲ। ਉਂ ਮੈਨੂੰ ਤਾਂ ਲੱਗਦਾ ਨਹੀਂ ਤੈਥੋਂ ਇਹ ਸੁਣਕੇ ਜੱਗੇ ਦੀਆਂ ਅੱਖਾਂ ਵਿਚ ਚਮਕ ਆ ਗਈ ਹੈ। ਉਹਦੀਆਂ ਬਾਹਾਂ ਰਫਤਾਰ ਫੜ ਗਈਆਂ ਹਨ। ਉਸ ਨੇ ਮਜ਼ਦੂਰਾਂ ਨੂੰ ਮਸਾਲਾ ਛੇਤੀ ਲਿਆਉਣ ਲਈ ਤਾੜਿਆ ਤੇ ਮਸਾਲੇ ਦੀ ਭਰੀ ਕਰਨੀ ਕੰਧ ਤੇ ਸੁੱਟਦਾ ਹੋਇਆਂ ਠੇਕੇਦਾਰ ਵੰਨੀ ਕਨੁੱਚੀ ਅੱਖ ਨਾਲ ਤਕਦਿਆਂ ਬੋਲਿਆਂ, "ਆਹੋ, ਅੱਜ ਈ ਦੇਖ ਲਓ ...।"
"ਉਹ ਤਾਂ ਦੇਖਾਂਗੇ ਈ" ਕਹਿ ਕੇ ਠੇਕੇਦਾਰ ਕੰਧ ਦੇ ਪਾਰ ਚਲਿਆ ਗਿਆ ਹੈ। ਮੈਂ ਜੱਗੇ ਦੀਆਂ ਬਾਹਾਂ ਨੂੰ ਪਲ ਪਲ ਤੇਜ਼ ਰਫ਼ਤਾਰ ਦੇਖੀ ਜਾ ਰਿਹਾ ਹੈ।"
ਹੁਣ ਪਰਲੇ ਪਾਸਿਉਂ ਲਲਕਾਰਾ ਵੱਜਿਆ ਹੈ ਛੇਤੀ ਲਿਆ, ਓਏ ਮਿਤਿਆ ਮਸਾਲੇ ਦਾ ਬੱਠਲ ... ਐਥੇ ਈ ਮੂੰਹ ਅੱਡੀ ਖੜਾ ਰਿਹਾ ਕਰ" ਇਹ ਆਵਾਜ਼ ਸੁਰਜ਼ਨ ਦੀ ਹੈ।
ਸ਼ਾਇਦ ਠੇਕੇਦਾਰ ਨੇ ਉਧਰ ਵੀ ਕੋਈ ਛੁਰਲੀ ਛੱਡ ਦਿੱਤੀ ਹੈ। ਮੈਂ ਸੋਚਦਾ ਹਾਂ।
ਇੱਧਰੋਂ ਜੱਗਾ ਵੀ ਬੁੜਕ ਉਠਿਆ ਹੈ ਜਿਵੇਂ ਉਹਨੂੰ ਸੱਤੀ ਕੱਪੜੀ ਅੱਗ ਲਗ ਗਈ ਹੋਵੇ।
"ਨਿਕਲਣ ਨੀਂ ਦੇਉਗਾ ਉਏ ਮੂਰੇ ... ਲਾ ਲੈ ਜਿਹੜਾ ਜ਼ੋਰ ਤੈਥੋ ਲੱਗਦੈ ... ਫੇਰ ਨਾਂ ਕਹੀਂ ਦੱਸਿਆ ਨਹੀਂ। ਜੱਗਾ ਏਨੀ ਜ਼ੋਰ ਦੀ ਕੜਕਿਆ ਹੈ ਕਿ ਉਹਦੀ ਆਵਾਜ਼ ਨਾਲ ਇਮਾਰਤਦੀਆਂ ਕੰਧਾਂ ਵੀ ਗੂੰਜ ਪਈਆਂ ਹਨ।
ਹੁਣ ਮੈਂ ਕੰਧ ਦੇ ਪਾਰ ਜਾਂਦਾ ਹਾਂ ਸੁਰਜਨ ਦੀਆਂ ਬਾਹਵਾਂ ਮਸ਼ੀਨ ਬਣੀਆਂ ਲੱਗਦੀਆਂ ਹਨ ਤੇ ਕੰਧ ਦੇ ਉਰਾਰ ਜੱਗੇ ਦੀਆਂ। ਅੱਧੀ ਛੁੱਟੀ ਦਾ ਸਮਾ ਹੋਇਆ। ਦੋਹਾਂ ਨੇ ਪੈੜਾ ਤੋ ਉਤਰ ਕੇ ਇਕ ਦੂਜੇ ਦਾ ਕੀਤਾ ਹੋਇਆ ਕੰਮ ਦੇਖ ਲਿਆ। ਜੱਗਾ ਸੁਰਜਨ ਨਾਲੋਂ ਕੁਝ ਅੱਗੇ ਸੀ।
"ਜੇ ਮੈਨੂੰ ਪੈਲਾਂ ਪਤਾ ਹੁੰਦਾ... ਸੁਰਜਨ ਬੁੜਬੁੜਾਇਆ ਹੈ।"
"ਹੁਣ ਕਰ ਲੈ ਜਿਹੜਾ ਕੁਝ ਤੈਥੋਂ ਹੁੰਦੈ..." ਜੱਗਾ ਆਪਣੀ ਜਿੱਤ ਤੇ ਮਾਣ ਤੇ ਗੜਕਿਆ ਹੈ।ਪਰ ਸੁਰਜਨ ਚੁੱਪ ਹੈ ਉਹਦੀ ਚੁੱਪ ਤੋਂ ਪ੍ਰਤੀਤ ਹੋ ਰਿਹਾ ਹੈ, ਜਿਵੇਂ ਉਹ ਕਹਿ ਰਿਹਾ ਹੋਵੇ,
"ਉਹ ਤਾਂ ਕਰੂੰਗਾ ਹੀ।"
"ਸੇਵਕ" ਕਹਾਣੀ 'ਅਣਗੌਲੇ ਆਦਮੀ' ਕਹਾਣੀ ਸੰਗ੍ਰਹਿ ਦੀ ਬਾਰਵੀਂ ਕਹਾਣੀ ਜਿਸ ਵਿੱਚ ਕਹਾਣੀਕਾਰ ਇਸ ਵਿਧੀ ਦੀ ਵਰਤੋਂ ਇਸ ਤਰ੍ਹਾਂ ਕਰਦਾ ਹੈ:
ਬਾਬੂ ਉਸ ਦੀ ਗੱਲ ਹੀ ਨਹੀਂ ਸੁਣ ਰਿਹਾ, ਸਗੋਂ ਚਿਹਰਾ ਗੁੱਸੇ ਨਾਲ ਲਾਲ ਕਰਕੇ ਆਖ ਰਿਹਾ ਸੀ, "ਬੱਚਿਆ ਜੈਜ਼ ਨਜੈਜ਼ ਦਿਆ, ਪੰਜ ਸੇਰ ਭਾਰ ਦਸ ਗਜ ਚੁੱਕਣ ਦੀ ਤੈਨੂੰ ਜਾਗੀਰ ਬਖ਼ਸ਼ਦਿਆਂ? ਸਾ.... ਲਾ ਉੱਤੇ ਈ ਉੱਤੇ ਚੜ੍ਹਿਆ ਆਉਂਦੈ। ਘੰਟਾ ਹੋ ਗਿਆ ਤਮਾਸ਼ਾ ਦਿਖਾਉਂਦੇ ਨੂੰ...।"
"ਇਹ ਕੋਈ ਹੋਰ ਆਦਮੀ ਹੋਵੇਗਾ। ਸੇਵਕ ਜੀ ਤਾਂ ਗਰੀਬਾਂ ਦੇ ਮਿੱਤਰ ਨੇ ਪਰ ਇਹ ... ਮੈਂ ਫਿਰ ਸੋਚਿਆ। ਮੇਰਾ ਦਿਮਾਗ ਮੈਨੂੰ ਫਿਰ ਸ਼ੱਕ ਵਿੱਚ ਪਾ ਰਿਹਾ ਸੀ, ਪਬ ਅੱਖਾਂ ਤੇ ਕੰਨ ਜਿਨ੍ਹਾਂ ਨੇ ਸੇਵਕ ਜੀ ਨੂੰ ਦੇਖਿਆ ਸੀ। ਮੈਨੂੰ ਫਿਰ ਯਕੀਨ ਦਿਵਾ ਰਹੇ ਸਨ ਕਿ ਇਹ ਉਹ ਹੀ ਆਦਮੀ ਹੈ। ਮੈਂ ਆਪਣੇ ਸ਼ੱਕ ਨੂੰ ਦੂਰ ਕਰਨ ਲਈ ਹੌਸਲਾ ਕਰਕੇ ਪੁੱਛਿਆ, ਕੀ ਹਜ਼ੂਰ ਦਾ ਨਾਂ ਸੇਵਕ ਜੀ ਤਾਂ ਨਹੀਂ?
ਹਾਂ ..... ਹਾਂ ....। ਦੇਖੋ ਨਾ ਸਰਦਾਰ ਜੀ, ਅਸੀਂ ਇਹਨ੍ਹਾਂ ਲੋਕਾਂ ਵਾਸਤੇ ਕੀ ਕੁਝ ਕਰ ਰਹੇ ਹਾਂ, ਪਰ ਇਹ ਸਾਡਾ ਦਸ ਸੇਰ ਭਾਰ ਚੁੱਕਦੇ ਹੋਏ ਔਖੇ ਹੁੰਦੇ ਨ। ਸੰਗਰੂਰ ਬੜੇ ਚੌਂਕ ਤੋਂ ਰਿਕਸ਼ਾ ਵਾਲੇ ਨੇ ਸਟੇਸ਼ਨ ਤੱਕ ਪਹੁੰਚਾਉਣ ਦਾ ਨਵਾਂ ਪੈਸਾ ਵੀ ਨਹੀਂ ਲਿਆ ਤੇ ਇਹ ਸਾ .... ਲਾ....।"
"ਬਾਬੂ ਜੀ ਗੱਲ ਹੋਸ਼ ਨਾਲ ਕਰੋ। ਅਸੀ ਕ੍ਰਮ ਵੇਚਦੇ ਹਾਂ, ਧਰਮ ਨਹੀਂ। ਥੀ ਹੋਇਆ ਜੇ ਅਸੀ ਗਰੀਬ ਹਾਂ। ਜੇ ਤਾਏ ਨੂੰ ਕੁਝ ਹੋਰ ਕਿਹਾ ਈ ਤਾਂ ਘਸਾੜਾ ਤੋੜ ਦਿਆਂਗਾ। ਆਹ ਚੁੱਕ ਆਪਣੀ, ਜਾ ਪਾ ਲੈ ਹਵੇਲੀ... ਕਹਿ ਕੇ ਭੀੜ ਵਿਚ ਇਕ ਨੌਜਵਾਨ ਕੁਲੀ ਨੇ ਬੁੱਢੇ ਤੋਂ ਦੁਆਨੀ ਲੈ ਕੇ ਬਾਬੂ ਦੇ ਪੈਰਾਂ ਵਿਚ ਵਗਾਹ ਕੇ ਮਾਰੀ ਤੇ ਬੁੱਢੇ ਨੂੰ ਲੈ ਕੇ ਪਲੇਟਫਾਰਮ ਵੱਲ ਲੈ ਤੁਰਿਆ। ਮੇਰੇ ਜਿਹਨ ਵਿਚ ਉਸ ਬਾਰੇ ਪਹਿਲਾਂ ਸੁਣੀਆਂ ਗੱਲਾਂ ਘੁੰਮਣ ਲੱਗੀਆਂ।

ਕਸੇ ਮੁਲਾਜ਼ਮ ਨੇ ਕਿਹਾ, "ਏਸ ਨੇ ਮੈਤੋਂ ਦੋ ਸੌ ਰੁਪਏ ਬਦਲੀ ਕਰਾਉਣ ਲਈ ਲਏ ਤੇ ਕਹਿੰਦਾ ਸੀ ਕਿ ਡੀਲਿੰਗ ਹੈਂਡ ਨੂੰ ਦੇਣੇ ਨੇ, ਪਰ ਕਰਾਇਆ ਕੁਝ ਵੀ ਨਹੀਂ, "ਇਕ ਹੋਰ ਜੱਟ ਨੇ ਕਿਹਾ ਸੀ" ਦੇਖੋ ਜੀ ਜਦੋਂ ਇਹ ਪਿੰਡ ਦਾ ਸਰਪੰਚ ਸੀ ਉਦੋਂ ਵੱਡੀ ਸੜਕ ਤੋਂ ਪਿੰਡ ਤਕ ਟੋਟੇ ਤੇ ਮਿੱਟੀ ਪਵਾਈ ਲੋਕਾਂ ਤੋਂ ਕੰਮ ਕਰਾਇਆ ਸੇਵਾ ਸਮਝ ਕੇ ਸਰਕਾਰੀ ਰਜਿਸਟਰ ਵਿਚ ਦਿਹਾੜੀਆਂ ਪਾ ਕੇ, ਉਹਨਾਂ ਤੇ ਜਾਲੀ ਗੂਠੇ ਲਗਵਾ ਕਿ ਸੈਂਕੜੇ ਰੁਪਏ ਪੰਚਾਇਤੀ ਫੰਡ ਚੋਂ ਖਾ ਗਿਆ ਅਤੇ ਪਿੰਡ ਦੀਆਂ ਗਲੀਆਂ ਨਾਲੀਆਂ ਪੱਕੀਆਂ ਕਰਾਉਣ ਤੇ ਸਕੂਲ ਬਣਾਉਣ ਲਈ ਜਿਹੜੀਆਂ ਇੱਟਾਂ, ਸੀਮਿੰਟ ਤੇ ਰੇਤਾ ਖਰੀਦਿਆ ਸੀ, ਉਸ ਚੋ ਅੱਧੇ ਤੋਂ ਜ਼ਿਆਦਾ ਮਾਲ ਸੇਵਕ ਜੀ ਨੇ ਆਪਣੇ ਘਰ ਤੇ ਹੀ ਲਾ ਲਿਆ।

ਮੇਰੇ ਮੂੰਹੋਂ ਉਂਝ ਹੀ ਨਿਕਲ ਗਿਆ। ਅਜਿਹੇ ਸੇਵਕ ਨੂੰ ਛੇਤੀ ਤੋਂ ਛੇਤੀ ਖ਼ਤਮ ਕਰ ਦੇਣਾ ਚਾਹੀਦਾ ਹੈ। ਵਕਤ ਆ ਗਿਆ ਹੈ ਮੇਰੇ ਕੋਲ ਖੜਾ ਇਕ ਪੜ੍ਹਿਆ ਲਿਖਿਆ ਨੌਜਵਾਨ ਕਹਿ ਰਿਹਾ ਸੀ।

"ਰੇਡੀਓ ਚੁੱਪ ਹੈ, ਕਹਾਣੀ 'ਕੱਚੇ ਕੋਠਿਆਂ ਦੇ ਵਾਸੀ' ਕਹਾਣੀ ਸੰਗ੍ਰਹਿ ਦੀ ਕਹਾਣੀ ਵਿਚ ਕਹਾਣੀਕਾਰ ਟੱਕਰ ਇਸ ਤਰ੍ਹਾਂ ਪੇਸ਼ ਕਰਦਾ ਹੈ।

ਚਿੱੜੀ ਦੇ ਉੱਡ ਜਾਣ ਤੇ ਤਮਾਸ਼ਬੀਨਾਂ ਨੇ ਗੱਲ ਚੁੱਕ ਲਈ ਹੈ" ਕੋਈ ਸ਼ਿਕਾਰੀ ਦੇ ਘਟੀਆ ਸ਼ਿਕਾਰੀ ਹੋਣ ਦਾ ਦੋਸ਼ ਲਾ ਰਿਹਾ ਹੈ। ਕੋਈ ਚਿੱੜੀ ਦੀ ਚੁਸਤੀ ਦੀ ਤਾਰੀਫ਼ ਕਰ ਰਿਹਾ ਹੈ। ਬਹਿਸ ਦਾ ਪਿੜ ਖੁੱਲ੍ਹ ਜਾਂਦਾ ਹੈ।

"ਸ਼ਿਕਾਰੀ ਤਾਂ ਪੰਡਤ ਵੀ ਤਕੜੈ"

"ਹਾਂ ਉਹ ਭੋਰਾ ਕੁ ਚਿੱੜੀ ਦੇਖੀ ਐ, ਕਿਵੇਂ ਉਹਦੇ ਹੱਥਾਂ ਤੇ ਟਪੁਸੀਆਂ ਮਾਰਦੀ ਫਿਰਦੀ ਹੈ।"

"ਹਾਂ ਮਸ਼ਲ ਕੇ ਰੱਖ ਦਊ.... ਉਹਦੇ ਹੱਥ ਬੜੇ ਭੈੜੇ ਨੇ।"

"ਪੰਡਤ ਅਜਿਹਾ ਬੰਦਾ ਨਹੀਂ"।

"ਹੋਰ?"

"ਪੰਡਤ ਤਾਂ ਸਗੋਂ ਹੋਰ ਪੱਕੇ ਸ਼ਿਕਾਰੀ ਹੁੰਦੇ ਨੇ...।"

"ਪਰ ਉਹ ਅਜਿਹਾ ਨਹੀਂ, ਉਹ ਤਾਂ ਉਸ ਨੂੰ ਪੜ੍ਹਾਂ ਰਿਹੈ"।

"ਪੜਾ ਕਾ ਕੀ ਕਰੂ?"

"ਲੋਕਾਂ ਦਾ ਭਵਿਸ਼ ਦੱਸਿਆ ਕਰੂ।"

"ਹੋਰ?"

"ਉਹ ਕਹਿੰਦੈ ਮੈਂ ਇਸ ਚਿੱੜੀ ਨੂੰ ਬਾਜ਼ਾਂ ਨਾਲ ਟੱਕਰ ਲੈਣ ਲਾ ਦਿਆਂਗਾ।"

"ਫੇਰ ਤਾਂ ਉਹ ਬਹੁਤ ਖ਼ਤਰਨਾਕ ਹੈ।"

"ਆਪੋ ਆਪਣੀ ਸਮਝ ਹੈ।"

"ਛੱਡ ਇਹ ਗੱਲ, ਦੂਸਰੇ ਪਾਸੇ ਇਕ ਚਿੱੜੀ ਆਈ ਐ।"

"ਉਹ ਕੀ ਚਿੱੜੀ ਐ।"

"ਹੋਰ ਕੀ ਐ?"

"ਉਹ ਤਾਂ ਮੁਰਗੀ ਹੈ।"

"ਮੁਰਗੀ ਕਿਹੜਾ ਮਾੜੀ ਚੀਜ਼ ਹੁੰਦੀ ਐ... ਆ... ਹਾ.... ਅ

"ਮੁਰਗੀ ਦਾ ਮਾਸ... ਬੱਸ ਛੱਡ ਗੱਲ।"

"ਇਹ ਗੱਲ ਹੋਰ ਐ"

"ਕੀ?"

"ਮੁਰਗੀ ਸੋਨੇ ਦੇ ਅੰਡੇ ਵੀ ਤਾਂ ਦੇ ਸਕਦੀ ਐ।"

"ਹਾਂ ਇਹ ਵੀ ਠੀਕ ਐ ... ਪਹਿਲਾਂ ਅੰਡੇ ਖਾਉ ਫੇਰ ਮਾਸ।"

"ਚੁੱਪ....।"

"ਕਿਉਂ ....?'

"ਚਿੱੜੀ ਆ ਰਹੀ ਹੈ।"

ਪੰਡਤ ਵੀ ਹੁਣ ਸ਼ਿਕਾਰੀਆਂ ਦੀਆਂ ਗੱਲਾਂ ਵੱਲ ਬਹੁਤ ਘੱਟ ਧਿਆਨ ਦਿੰਦਾ ਹੈ। ਉਹ ਹਰ ਵਕਤ ਖੁਸ਼ ਰਹਿੰਦਾ ਹੈ ਉਸ ਨੇ ਚਿੱੜੀ ਨੂੰ ਸ਼ਿਕਾਰੀ ਦੇ ਛਬਕੇ ਥੱਲੇ ਆਉਂਦੀ ਨੂੰ ਜੋ ਬਚਾ ਦਿੱਤਾ ਹੈ ਜਿਸ ਨੂੰ ਦੇਖਕੇ ਦੂਜੀਆਂ ਚਿੱੜੀਆਂ ਸੁਚੇਤ ਹੋ ਗਈਆਂ ਹਨ।

"ਪੰਡਤ... ਉਹ ਪੰਡਤ...।"

"ਕੀ ਐ?"

"ਆ ਤੈਨੂੰ ਇਕ ਨਜ਼ਾਰਾ ਦਿਖਾਵਾਂ।"

"ਦਿਖਾ।"

"ਆ ਮੇਰੇ ਨਾਲ।"

ਭੰਡਤ ਸ਼ਿਕਾਰੀ ਦੇ ਮਗਰ ਮਗਰ ਤੁਰ ਪੈਂਦਾ ਹੈ।

"ਔਹ ਦੇਖ।"

"ਦੇਖ ਰਿਹਾ।"

"ਕੀ?"

"ਮਾਲਕ ਦੀ ਕੋਠੀ ਵਿਚ ਕੋਲੇ ਦਾ ਦਰੱਖ਼ਤ।"

"ਹੋਰ।

"ਹੋਰ ਕੁਝ ਨਹੀਂ।

"ਔਹ ਦੇਖ ਗੌਰ ਨਾਲ, ਚਿੱੜੀ ਉਸ ਤੇ ਬੈਠੀ ਕਾਗਜ਼ ਖਾ ਰਹੀ ਹੈ।"

"ਵੈਦ ਧਨੰਤਰ" ਕਹਾਣੀ ਵਿਚ ਇਸ ਤਰ੍ਹਾ ਟੱਕਰ ਪੇਸ਼ ਕੀਤੀ ਹੈ: ਰਾਜੇ ਨੇ ਰਿਪੋਰਟ ਪੜ ਕੇ ਪਰੇ ਰੱਖ ਦਿੱਤੀ ਤੇ ਦੂਸਰੀ ਪੜਨੀ ਸ਼ੁਰੂ ਕਰ ਦਿੱਤੀ।

"ਉਹ ਇਕ ਅਧਿਆਪਕ ਹੈ। ਵਿਦਵਾਨ ਅਧਿਆਪਕ ਛੇ ਜੁਬਾਨਾਂ ਪੜ੍ਹ ਲਿਖ ਕੇ ਬੋਲ ਸਕਦਾ ਹੈ। ਕਾਲਜ ਦੇ ਸਾਰੇ ਵਿਦਿਆਰਥੀ ਉਸ ਦੇ ਪੈਰ ਵਿਚ ਪੈਰ ਧਰਦੇ ਹਨ, ਉਹ ਉਸਦੇ ਇੱਥੋਂ ਤੱਕ ਸਰਧਾਲੂ ਹਨ ਕਿ ਜੇ ਰਾਤ ਨੂੰ ਦਿਨ ਕਹਿ ਦੇਵੇ ਤਾਂ ਸਤਿ ਬਚਨ ਕਹਿ ਕੇ ਮੰਨ ਲੈਂਦੇ ਹਨ। ਉਹ ਆਪਣੇ ਭਾਸ਼ਣਾਂ ਨਾਲ ਵਿਦਿਆਰਥੀਆਂ ਦੇ ਦਿਮਾਗ ਸਾਫ਼ ਕਰਕੇ ਰੰਗਤ ਚਾੜ੍ਹ ਦਿੰਦਾ ਹੈ...।"

"ਹੂੰ ਆਦਮੀ ਤਾਂ ਵਾਇਕੀ ਖ਼ਤਰਨਾਕ ਹੈ, ਰਾਜੇ ਨੇ ਬੁੜਬੁੜਾਉਂਦੇ ਹੋਏ, ਦੂਜੀ ਰਿਪੋਰਟ ਤੇ ਹੀ ਰੱਖ ਕੇ ਤੀਜੀ ਪੜਨੀ ਸ਼ੁਰੂ ਕਰ ਦਿੱਤੀ।

"ਉਸ ਵਿਚ ਲਿਖਿਆ ਸੀ" ਉਹ ਪੁਛੇਗਾ ਤੇ ਫੇਰ ਮੈਂ ਕਹਾਂਗੋ ਦੱਸਦਾ ... ਉਸ ਵਿਚ ਲਿਖਿਆ ਸੀ....

"ਉਹ ਇਕ ਕਵੀ ਹੈ ਪੰਜ ਕਿਤਾਬਾਂ ਦਾ ਲੇਖਕੇ ਉਸ ਦੀਆਂ ਕਵਿਤਾਵਾਂ ਦੇ ਹਰ ਸ਼ਬਦ ਵਿਚ ਅਜਿਹਾ ਜਾਦੂ ਭਰਿਆ ਹੋਇਆ ਹੈ ਜੋ ਕਿ ਪਾਠਕ ਉਸਦੀਆਂ ਕਵਿਤਾਵਾਂ ਨੂੰ ਪੜ੍ਹ ਲੈਂਦਾ ਹੈ, ਉਸਦਾ ਜਾਦੂ ਅਸਰ ਹੋਏ ਬਗੈਰ ਨਹੀਂ ਰਹਿ ਸਕਦਾ ਜਿਸ ਨਾਲ ਉਹ ਮੌਲਿਕਤਾ ਖੋ ਬੈਠਦਾ ਹ।"

ਤੀਸਰੀ ਰਿਪੋਰਟ ਪੜ੍ਹ ਕੇ ਰਾਜੇ ਦਾ ਚਿਹਰਾ ਗੁੱਸੇ ਨਾਲ ਭੱ ਕੇ ਲਾਲ ਹੋ ਗਿਆ।

“ਮੇਰੇ ਰਾਜ ਵਿਚ ਅਜਿਹਾ ਖ਼ਤਰਨਾਕ ਆਦਮੀ ਰਹਿ ਰਿਹਾ ਹ? ਰਾਜਾ ਫੇਰ ਬੁੜਬੁੜਾਇਆ ਤੇ ਉਸਨੇ ਚੌਥੀ ਰਿਪੋਰਟ ਪੜ੍ਹਨੀ ਸ਼ੁਰੂ ਕਰ ਦਿੱਤੀ ਜਿਸ ਵਿਚ ਲਿਖਿਆ ਸੀ ....

“ਉਹ ਇਕ ਲੀਡਰ ਹੈ ਜਿਹੜਾ ਆਪਣੀ ਦੁਕਾਨ ਦੀ ਗਾਹਕੀ ਦੀ ਪ੍ਰਵਾਹ ਨਾ ਕਰਦਾ ਹੋਇਆ, ਅਧਿਆਪਕ ਦੀ ਨੌਕਰੀ ਚਲੇ ਜਾਣ ਤੋਂ ਵੀ ਨਾ ਡਰਦਾ ਹੋਇਆ, ਦਿਨ ਰਾਤ ਲੋਕਾਂ ਦੇ ਕੰਮ ਕਰਵਾਉਂਦਾ ਫਿਰਦਾ ਰਹਿੰਦਾ ਹੈ।

ਇਲਾਕੇ ਦੇ ਸਾਰੇ ਲੋਕਾਂ ਦੇ ਦਿੱਲਾਂ ਵਿਚ ਉਸਾਰ ਰਾਜ ਹੈ।

“ਫੇਰ ਕੀ ਹੋਇਆ ...” ਇਥੇ ਆ ਕੇ ਸ਼ਾਇਦ ਉਹ ਪੁੱਛ ਹੀ ਲਵੇਗਾ।

ਮੇਰੇ ਖਿਆਲ ਅਨੁਸਾਰ ਹਜ਼ੂਰ ਇਸ ਨੂੰ ਗੋਲੀ ਨਾਲ ਉੱਡਾ ਦਿੱਤਾ ਜਾਵੇ। ਇਕ ਨੇ ਕਿਹਾ...

ਨਹੀਂ, ਇਸ ਤਰ੍ਹਾਂ ਠੀਕ ਨਹੀਂ, ਇਸ ਤਰ੍ਹਾ ਕਰਨ ਨਾਲ ਲੋਕ ਭੜਕ ਉੱਠਣਗੇ ਉਹ ਕਿਵੇ ਬਰਦਾਸ਼ਤ ਕਰਨਗੇ ਜਿੰਨਾ ਦੇ ਦਿਲਾਂ ਵਿਚ ਰਾਜ ਕਰ ਰਿਹਾ ਹੈ। ਇਸ ਤੇ ਮੁੱਕਦਮਾ ਚਲਾਓ... ਜੱਜਾਂ ਨੂੰ ਕਹਿ ਕੇ ਜੋ ਮਰਜ਼ੀ ਸਜਾ ਦਿਉ... ਕੋਈ ਹਰਜ਼ ਨਹੀਂ।

ਇਸ ਠੀਕ ਹੈ ਪਰ ਜੱਜਾਂ ਤੋਂ ਸਜ਼ਾ ਕਿਹੋ ਜਿਹੀ ਦਵਾਈ ਏ? ਦੂਜੇ ਨੇ ਪੁੱਛਿਆ...

“ਸ਼ਹਿਰ ਦੇ ਸਾਰੇ ਲੋਕਾਂ ਨੂੰ ਬੁਲਾ ਕੇ ਉਹਨਾਂ ਸਾਹਮਣੇ ਫਾਂਸੀ ਦੇ ਕੇ ਉਸਦੀ ਲਾਸ਼ ਚੌਕ ਵਿਚ ਪੁੱਠੀ ਲਮਕਾ ਦਿੱਤੀ ਜਾਵੇ ਜਿਸਨੂੰ ਕਾਵਾਂ, ਕੁੱਤਿਆਂ, ਗਿਰਜਾਂ ਤੋਂ ਇਲਾਵਾ ਕੋਈ ਨਾ ਛੂਹੇ।

“ਨਹੀਂ ਇਸ ਤਰ੍ਹਾਂ ਕਰਨ ਨਾਲ ਤਾਂ ਉਹੀ ਖਤਮ ਹੋਵੇਗਾ ਉਸਦੀਆਂ ਦਵਾਈਆਂ ਤੇ ਕਿਤਾਬਾਂ ਤਾਂ ਇਥੇ ਹੀ ਰਹਿ ਜਾਣਗੀਆਂ ਤੇ ਫੇਰ ਉਹਨਾਂ ਤੋਂ ....”

ਫੇਰ ਤਾਂ ਇਹਦੀਆਂ ਕਿਤਾਬਾਂ ਨੂੰ ਵੀ ਇੱਕਠੀਆਂ ਕਰਕੇ ਚੌਂਕ ਵਿਚ ਜਲਾ ਦੇਣੀਆ ਚਾਹੀਦੀਆਂ ਹਨ, ਜਿੰਨਾ ਦੇ ਜਲੇ ਹੋਏ ਵਰਕਿਆ ਦੇ ਟੁੱਕੜੇ ਹਵਾ ਨਾਲ ਉੱਡ ਉਡ ਕੇ ਦੁਨੀਆਂ ਦੇ ਕੋਨੇ-ਕੋਨੇ ਵਿਚ ਪਹੁੰਚ ਜਾਣ ਮੈਨੂੰ ਪੂਰਾ ਯਥੀਨ ਹੈ ਜਲੀਆਂ ਹੋਈਆਂ ਕਿਤਾਬਾਂ ਦੇ ਵਰਕੇ ਦੇਖ ਕੇ ਦੇਸ਼ ਦਸ ਕੋਈ ਵੀ ਕਵੀ ਅੱਗੇ ਤੋਂ ਅਜਿਹੀਆਂ ਕਵਿਤਾਵਾਂ ਰਚਨ ਦੀ ਜ਼ੁਰਅਤ ਨਹੀਂ ਕਰੇਗਾ....।

ਇਕ ਗੱਲ ਹੈ ਹਜ਼ੂਰ ਤੀਜੇ ਨੇ ਸਲਾਹਾਕਾਰ ਨੇ ਕਿਹਾ।

ਕੀ....? ਰਾਜਾ ਬੋਲਿਆ,

ਚਿੰਤਕ ਆਪਣੈ ਟਾਪ ਨੂੰ ਕਿਰਤੀਆਂ ਦਾ ਸੇਵਕ ਅਖਵਾਉਂਦਾ ਹੈ। ਇਸ ਦਾ ਬੰਦ ਬੰਦ ਕਟਵਾ ਕੇ ਕੁੱਤਿਆ ਨੂੰ ਪਾ ਦਿੱਤਾ ਜਾਵੇਂ ਤਾਂ ਕਿ ਉਹ ਸਰਕਾਰ ਦੇ ਹੱਕ ਵਿਚ ਭੌਂਕਣ ਲੱਗ ਪੈਣ। ਹੱਡੀਆਂ ਨੂੰ ਪਿਸਵਾ ਕੇ ਉਹਨਾਂ ਦਾ ਰੇਹ ਤਿਆਰ ਕਰਵਾ ਕੇ, ਦੇਸ਼ ਦਿਆਂ ਖੇਤਾਂ ਵਿਚ ਪਵਾ ਦਿੱਤਾ ਜਾਵੇ। ਇਸ ਨਾਲ ਕਿਰਤੀਆਂ ਵਿਚ ਦਹਿਸ਼ਤ ਫ਼ੈਲ ਜਾਵੇਗੀ।

ਇਹ ਸਭ ਕੁੱਝ ਹੋ ਜਾਣ ਤੇ ਰਾਜਾ ਬੜਾ ਖੁਸ਼ ਹੋਇਆ ਕਿਉਂਕਿ ਉਸਨੇ ਆਪਣੀ ਅੱਖ ਦਾ ਕਣ ਕੱਢ ਦਿੱਤਾ ਸੀ। ਜੋ ਉਸਨੂੰ ਆਪਣੀ ਮਰਜ਼ੀ ਅਨੁਸਾਰ ਕਦੇ ਵੀ ਛੇਤੀ ਛੇਤੀ ਕਦਮ ਨਹੀਂ ਸੀ ਪੁੱਟਣ ਦਿੰਦਾ ਪਰ ਅਚਾਨਕ ਹੀ ਚੋਬਦਾਰ ਨੇ ਆ ਕੇ ਰਾਜੇ ਨੂੰ ਕਿਹਾ, “ਹਜ਼ੂਰ ਨੂੰ ਇਕ ਸੂਹੀਆ ਮਿਲਣਾ ਚਾਹੁੰਦਾ ਹੈ।”

“ਭੇਜ ਦਿਓ... ਰਾਜੇ ਨੇ ਕਿਹਾ।

ਸੂਹੀਏ ਨੇ ਰਾਜੇ ਸਾਹਮਣੇ ਆਉਂਦੇ ਹੀ ਝੁਕ ਕੇ ਸਲਾਮ ਕੀਤਾ

“ਕੀ ਗੱਲ ਐ? ਰਾਜੇ ਨੇ ਪੁੱਛਿਆ।

“ਜ਼ਨਾਬ ਗਜ਼ਬ ਹੋ ਗਿਆ....।”

“ਉਹ ਸ਼ੁਭ ਚਿੰਤਕ ਹਜ਼ੂਰ ਉਹੀ ਕੁਝ ਨਹੀਂ, ਜਿਸਦਾ ਜਨਾਬ ਨੂੰ ਸਮੇਂ ਸਮੇਂ ਪਤਾ ਚਲਦਾ ਰਿਹਾ ਹੈ।”

“ਹੋਰ ਕੀ ਸੀ?” ਰਾਜਾ ਕੜਕਿਆ।

“ਉਹ ਤਾਂ ਵੈਦ ਧਨੰਤਰ ਸੀ ਜੀ, ਜਿਸ ਨੇ ਕੁਰਬਾਨੀ ਦੀ ਅਜਿਹੀ ਪੁੜੀ ਖਾਧੀ ਹੋਈ ਸੀ ਜਿੱਥੇ ਵੀ ਉਸ ਦੀ ਕੋਈ ਚੀਜ਼ ਪਹੁੰਚ ਗਈ, ਉੱਥੇ ਉਸਦੇ ਵਰਗੇ ਅਨੇਕ ਹੋਰ ਪੈਦਾ ਹੋ ਜਾਣਗੇ”

## ਸ. ਵਿਅੰਗ ਦੀ ਵਰਤੋਂ

‘ਗਲਤੀ ਕਹਾਣੀ’ ਅਣਗੋਲੇ ਆਦਮੀ ਸੰਗ੍ਰਹਿ ਦੀ ਪਹਿਲੀ ਕਹਾਣੀ ਹੈ, ਇਸ ਵਿਚ ਕਹਾਣੀਕਾਰ ਵਿਅੰਗ ਵਿਧੀ ਦੀ ਵਰਤੋਂ ਇਸ ਤਰਾਂ ਕਰਦਾ ਹੈ:

“ਖ਼ਬਰ ਦੇਣ ਲਈ ਤੁਹਾਡਾ ਸ਼ੁਕਰੀਆ, ਉਹ ਬੜੀ ਬੇ-ਫਿਕਰੀ ਨਾਲ ਮਹੁੱਲੇਦਾਰ ਨੂੰ ਕਹਿੰਦਾ ਹੈ ਤੇ ਮਹੁੱਲੇਦਾਰ ਨੂੰ ਅੱਗੇ ਗੱਲ ਕਰਨ ਨੂੰ ਕੁਝ ਨਹੀਂ ਸੁਣਦਾ ਸੌ ਉਹ ਉੱਥੋਂ ਤੁਰ ਪੈਂਦਾ ਹੈ।

“ਸੈਂਸੀ ਜਿੰਦੇ ਕਿਉਂ ਭੰਨਦੇ ਨੇ ਡੈਡੀ।” ਮਹੱਲੇਦਾਰ ਦਾ ਬੱਚਾ ਜੋ ਉਸ ਦੀ ਉਂਗਲ ਫੜੀ ਖੜਾ ਹੈ ਤੇ ਉਹਨਾਂ ਦੀਆਂ ਗੱਲਾਂ ਸੁਣਦਾ ਆ ਰਿਹਾ ਹੈ। ਉਸ ਤੋਂ ਪੁੱਛਦਾ ਹੈ।

“ਚੋਰੀ ਕਰਨ ਲਈ।”

“ਸਾਡਾ ਮਾਸਟਰ ਤਾਂ ਕਹਿੰਦਾ ਇਹ ਪਾਪ ਹੈ।”

“ਪੇਟ ਭਰਨ ਲਈ ਕੀਤੀ ਚੋਰੀ ਬੇਟੇ ਪਾਪ ਨਹੀਂ ਹੁੰਦੀ।” ਉਹਨਾਂ ਮਗਰ ਆ ਰਿਹਾ ਇਕ ਆਦਮੀ ਬੱਚੇ ਨੂੰ ਸੰਬੋਧਨ ਕਰਦਾ ਹੈ ਜੋ ਬਾਪ ਪੁੱਤ ਦੀਆਂ ਗੱਲਾਂ ਸੁਣਾ ਰਿਹਾ ਹੈ।

“ਉਹਨਾਂ ਦੇ ਪੇਟ ਕੋਈ ਅੱਡ ਲੱਗੇ ਹੋਏ ਨੇ, ਕੰਮ ਕਰਨ ਤੇ ਢਿੱਡ ਭਰਨ। ਏਰਾਮਜਾਦਗੀ ਫੜੀ ਹੋਈ ਏ ਇਹਨਾਂ ਲੋਕਾਂ ਨੇ।” ਮਹੱਲੇਦਾਰ ਕੁੱਝ ਖਿਝ ਗਿਆ ਜਾਪਦਾ ਹੈ।

“ਤੇਰੇ ਮੁੰਡੇ ਨੂੰ ਬੀ. ਏ ਕੀਤੀ ਬਹੁਤ ਦੇਰ ਹੋ ਗਈ ਹੈ। ਉਹ ਕੀ ਕਰਦੈ? ਅਜੇ ਤੱਕ ਉਹ ਇਕੱਲਾ, ਤੂੰ ਕਮਾ ਰਿਹੈ, ਜਦੋਂ ਉਹ ਵਿਆਹਿਆ ਗਿਆ, ਦੋ ਬੱਚੇ ਹੋਏ, ਤੇਰੇ ਹੱਡ ਪੈਰ ਚਲਣੋਂ ਖੜ੍ਹ ਗਏ ਫੇਰ ਉਹ ਨਹੀਂ ਰਲੂ ਸੈਂਸੀਆਂ ਨਾਲ....?”

“ਤੂੰ ਤਾਂ ਫਲੌਸਫਰਾਂ ਊਈਂ ਮਾਰੀ ਜਾਂਦੇ ਹੁੰਨੈ। ਭਰ ਉਹ ਛੇਤੀ ਹੀ ਆਪਣੇ ਹਥਿਆਰ ਸੁੱਟ ਦਿੰਦਾ ਹੈ।

ਉਧਰ ਸੈਸੀਆਂ ਦਾ ਸਰਦਾਰ ਆਪਣੀ ਸਿਰਕੀ ਚੋ ਬੈਠਾ ਹੁੱਕੇ ਦੇ ਕਸ਼ ਖਿੱਚੀ ਜਾ ਰਿਹਾ ਹੈ। ਰਾਤ ਦੇ ਬਾਰ੍ਹਾਂ ਵਜ ਗਏ, ਪਰ ਉਸਨੂੰ ਅਜੇ ਤੱਕ ਕੋਈ ਖਬਰ ਨਹੀਂ ਮਿਲੀ। ਉਹ ਬੜਾ ਚਿੰਤਾਤੁਰ ਹੈ।

“ਖਬਰੇ ਸਾਲੇ ਕਿੱਥੇ ਫਸ ਹੀ ਨਾ ਗਏ ਹੋਣ? ਅੱਜ ਕੱਲ੍ਹ ਲੋਕ ਵੀ ਬੜੇ ਹੁਸ਼ਿਆਰ ਹੋ ਗਏ ਹਨ.... ਚੋਰੀ ਕਰਨਾ ਕਿਹੜਾ ਸੁਖਾਲੀ ਗੱਲ ਰਹਿ ਗਈ ਹੈ, ਉਹ ਸੋਚ ਰਿਹਾ ਹੈ।

ਸ਼ਾਹਰ ਕੁੱਤਿਆਂ ਦੇ ਭੌਂਕਣ ਦ ਆਵਾਜ਼ ਕਾਲੀ ਬੋਲੀ ਰਾਤ ਵਿਚ ਗੂੰਜ ਉੱਠੀ ਹੈ ਉਹ ਸਿਰਕੀ ਚੋਂ ਬਾਹਰ ਸਿਰ ਕੱਢ ਕੇ ਦੇਖਦਾ ਹੈ। ਦੋ ਪਰਛਾਵੇਂ ਸਿਰਕੀਆਂ ਵੱਲ ਵਧੇ ਆ ਰਹੇ ਹਨ।

“ਕੌਣ ਹੈ? ਉਹ ਗਰਜਿਆ ਹੈ।

ਹੁਣ ਦੋਵੇਂ ਪਰਛਾਵੇਂ ਸਿਰਕੀ ਅੰਦਰ ਆ ਗਏ ਹਨ।

“ਫਾਇਰ ਫੋਕਾ ਈ ਹੋਇਆ ਲੱਗਦਾ ਹੈ, ਸਰਦਾਰ ਉਹਨਾਂ ਦੇ ਢਿੱਲੇ ਬੁੱਲ੍ਹ ਦੇਖ ਕੇ ਬੁੜਬੁੜਾਉਂਦਾ ਹੈ ਤੇ ਫਿਰ ਨਾਲ ਹੀ ਸਵਾਲ

ਕਰ ਦਿੰਦਾ ਹੈ, ਕਿਉਂ ਮੇਰੇ ਸ਼ੇਰੋ?"
ਪਰ ਉਹ ਨਿਰਉਤਰ ਖੜੇ ਹਨ।
"ਕੁਝ ਲਿਆਏ ਕਿ ਨਹੀਂ? ਉਹ ਫੇਰ ਕਾਹਲੀ ਨਾਲ ਪੁੱਛਦਾ ਹੈ।
"ਲਿਆਉਦੇ ਤਾਂ ਜੇ ਅੰਦਰ ਕੁਝ ਕੀਮਤੀ ਹੁੰਦਾ।" ਉਹ ਦੋਵੇਂ ਇਕੱਠੇ ਬੋਲ ਉੱਠੇ
"ਤਾਂ ਫੇਰ ਜ਼ਰੂਰ ਕਿਸੇ ਬਾਬੂ ਦਾ ਘਰ ਹੋਵੇਗਾ। ਤੈਂ ਪਹਿਲਾਂ ਪਤਾ ਕੀਤਾ ਸੀ? ਸਰਦਾਰ ਖ਼ਬਰ ਲਿਆਉਣ ਵਾਲੇ ਨੂੰ ਸੰਬੋਧਨ ਕਰਕੇ ਪੁੱਛਦਾ ਹੈ।
"ਨਹੀਂ.... ਮੈਂ ਤਾਂ ਉਹਦੇ ਕੱਪੜੇ ਹੀ ਦੇਖ ਕੇ...." ਤੇ ਉਹਨੇ ਗੁਨਾਹਗਾਰ ਦੀ ਤਰ੍ਹਾਂ ਸਿਰ ਝੁਕਾ ਗਿਆ।
"ਇੱਕ ਹਾਸੋ ਹੀਣੀ ਗੱਲ" ਕਹਾਣੀ 'ਅਣਗੋਲੇ ਆਦਮੀ' ਕਹਾਣੀ ਸੰਗ੍ਰਹਿ ਦੀ ਚੌਥੀ ਕਹਾਦੀ ਵਿਚ ਇਸ ਤਰ੍ਹਾਂ ਪੇਸ਼ ਹੈ ਉਹ ਰੋਜ਼ਗਾਰ ਦਫ਼ਤਰ ਵਿਚ ਪੁਜ਼ ਗਿਆ ਹੈ। ਨਾਂ ਦਰਜ ਤੇ ਰਨਿਉ ਕਰਵਾਉਣ ਵਾਲਿਆਂ ਦੀ ਇਕ ਲੰਮੀ ਲਾਈਨ ਲੱਗੀ ਖੜ੍ਹੀ ਹੈ। ਉਹ ਅਜੇ ਦਫ਼ਤਰ ਦੇ ਬੂਹੇ ਅੱਗੇ ਖੜਾ ਹੀ ਹੈ ਕਿ ਪਿੱਛੋਂ ਸਾਈਕਲ ਰੁਕਣ ਦੀ ਆਵਾਜ਼ ਤੇ ਇਕ ਹੋਰ ਆਵਾਜ਼ ਆਈ
" ਆ ਲਉ ਆਪਣਾ ਮਾਲ ਤੇ ਮੇਰਾ ਨਾਂ.....
"ਹਾਂ.... ਹਾਂ ..... ਜ਼ ... ਰੂ .... ਰ" ਇਕ ਹੋਰ ਆਵਾਜ਼।
ਉਹਨੇ ਪਿੱਛੇ ਪਰਤ ਕੇ ਤੱਕਿਆ, ਦੂਜੀ ਆਵਾਜ਼ ਦਫ਼ਤਰ ਦੇ ਬਾਬੂ ਦੀ ਸੀ। ਜਿਹੜਾ ਉਸਨੂੰ ਪਹਿਲਾਂ ਕਈ ਵਾਰ ਨਾਂ ਦਰਜ ਕਰਾਉਣ ਆਏ ਨੂੰ ਝਈਆਂ ਲੈ ਲੈ ਪੈਂਦਾ ਸੀ ਤੇ ਕਹਿੰਦਾ ਹੁੰਦਾ ਸੀ, "ਆ ਜਾਂਦੇ ਨੇ ਨੌਕਰੀਆਂ ਲੈਣ, ਨੌਕਰੀਆਂ ਐਵੇਂ ਹੀ ਮਿਲ ਜਾਂਦੀਆ ਨੇ ...." ਉਸ ਨੂੰ ਕੀ ਪਤਾ ਸੀ ਨੌਕਰੀਆਂ ਕਿਵੇ ਲਈਦੀਆਂ ਹਨ?"
ਹੁਣ ਉਹ ਆ ਕੇ ਲਾਈਨ ਦੇ ਪਿਛੇ ਖੜਾ ਹੋ ਗਿਆ ਹੈ ਤੇ ਉਸਦੇ ਪਿੱਛੇ ਲਾਈਨ ਵਿਚ ਪਹਿਲੀ ਆਵਾਜ਼ ਵਾਲਾ ਨੌਜਵਾਨ ਵੀ। ਸਾਹਮਣੇ ਦੀਵਾਰ ਤੇ ਲੱਗਿਆ ਫੱਟਾ ਰਿਸ਼ਵਤ ਤੇ ਸਿਫਾਰਸ਼ ਦੀ ਖੇਚਲ ਨਾ ਕਰੋ।" ਉਸਦੇ ਮੱਥੇ ਵਿਚ ਇੱਅ ਵਾਂਗ ਵੱਜਿਆ ਹੈ। ਉਸਨੂੰ ਆਪਣਾ ਮੱਥਾ ਟੁੱਕੜੇ ਟੁੱਕੜੇ ਹੁੰਦਾ ਮਹਿਸੂਸ ਹੋ ਰਿਹਾ ਹੈ। ਲਾਈਨਾਂ ਵਿਚ ਖੜੇ ਉਮੀਦਵਾਰ ਆਪਣਾ ਨਾਂ ਰਨਿਉ ਜਾਂ ਦਰਜ ਕਰਵਾ ਕੇ ਚਲੇ ਜਾਂਦੇ ਹਨ ਤੇ ਉਹ ਅੱਗੇ ਵਧਦਾ ਜਾ ਰਿਹਾ ਹੈ। ਅਚਾਨਕ ਹੀ ਉਸਦੀ ਨਿਗਾਹ ਪੈਰ ਥੱਲੇ ਆ ਰਹੇ ਇਕ ਅਖ਼ਬਾਰੀ ਕਾਗਜ਼ ਦੇ ਟੁਕੜੇ ਤੇ ਪਈ ਹੈ। ਟੁਕੜਾ ਨਿਊ ਕੇ ਚੁੱਕ ਲਿਆ ਹੈ ... ਸਰਕਾਰ ਨੇ ਮੰਗਣ ਤੇ ਪਾਬੰਦੀ ਲਾ ਦਿੱਤੀ ਹੈ... ਕੰਮ ਕਰਨ ਯੋਗ ਮੰਗਤਿਆਂ ਨੂੰ ਕੰਮ ਦਿੱਤਾ ਜਾਵੇਗਾ.... ਅਖ਼ਬਾਰ ਦੀ ਸੁਰਖੀ ਹੈ।
ਉਸ ਦੇ ਅੰਦਰੋ ਇਕ ਤੂਫਾਨ ਉਠਿਆ ਹੈ ਤੇ ਉਹ ਪਾਗਲਾਂ ਵਾਂਗ ਹੱਸ ਪਿਆ ਹੈ, ਕਈਆਂ ਨੇ ਪਰਤ ਕੇ ਉਹਦੇ ਵੱਲ ਤੱਕਿਆ।
"ਸਰਕਾਰ ਕੰਮ ਲੈਣ ਆਏ ਬੰਦਿਆਂ ਨੂੰ ਤਾਂ ਕੰਮ ਦੇ ਨਹੀਂ ਰਹੀ ਤੇ ਮੰਗਤਿਆਂ ਨੂੰ ਕੰਮ ਦੇਵੇਗੀ? ਉਹ ਬੁੜਬੁੜਾਇਆ ਹੈ ਤੇ ਲਾਈਨ ਚੋਂ ਬਾਹਰ ਹੋ ਗਿਆ ਹੈ।
"ਬਹੁਤੀ ਪੜ੍ਹਾਈ ਨੇ ਸ਼ਾਇਦ ਕਿਸੇ ਇਹਦਾ ਖ਼ਰਾਬ ਕਰ ਦਿੱਤੇ। ਉਸ ਕੋਲ ਖੜੇ ਆਦਮੀ ਨੇ ਕਿਹਾ। ਜਿਹੜਾ ਸ਼ਾਇਦ ਕਿਸੇ ਨੂੰ ਕੰਮ ਦਿਵਾਉਣ ਆਇਆ ਹੈ।
"ਪੜ੍ਹਾਈ ਨੇ ਨਹੀਂ, ਸਰਦਾਰ ਜੀ ਵਿਹਲਪੁਣੇ ਨੇ ...." ਅੱਗੇ ਖੜੇ ਉਮੀਦਵਾਰ ਦੇ ਸ਼ਬਦ।
"ਫੜ ਲੋ, ਕਿਤੇ.... ਸਰਦਾਰ ਦਾ ਕਟਾਕਸ਼।
"ਉਹ ਤਾਂ ਕਰੇਗਾ ਹੀ।"
"ਕਿਉ?" ਸਰਦਾਰ ਦੀ ਹੈਰਾਨੀ।
"ਖਾਣਾ ਵੀ ਤਾਂ ਕਿਤੋਂ ਹੈ... ਉ....।"
"ਦੇਖਣ ਵਾਲਾ ਪਟਿਆਲਾ" ਕਹਾਣੀ ਵਿੱਚ ਲੇਖਕ ਇਸ ਤਰ੍ਹਾਂ ਵਿਅੰਗ ਕਰਦਾ ਹੈ, ਅੰਤ ਮੈਨੂੰ ਇਕ ਮਿਹਰਬਾਨ ਬੁੱਢੇ ਨੇ ਰਸਤੇ ਪਾ ਦਿੱਤਾ ਤੇ ਮੈਂ ਨੌ ਵੱਜਣ ਤੋਂ ਪੰਜ ਮਿੰਟ ਪਹਿਲਾ ਇੰਟਰਵਿਊ ਸਥਾਨ ਤੇ ਪਹੁੰਚ ਗਿਆ ਸਾਂ। ਇੰਟਰਵਿਊ ਹੋਈ। ਫ਼ੈਸਲਾ ਸੁਣਾਇਆ ਗਿਆ। ਆਦਮੀ ਪਹਿਲੋਂ ਹੀ ਰੱਖਿਆ ਗਿਆ ਸੀ, ਦਫ਼ਤਰ ਵਿਚ ਕਿਸੇ ਅਫ਼ਸਰ ਦਾ ਰਿਸ਼ਤੇਦਾਰੇ ਕਹਿੰਦੇ ਨੇ ਇੰਟਰਵਿਊ ਫਾਰਮੈਲਿਟੀ ਦੇ ਤੌਰ ਤੇ ਲਈ ਗਈ ਸੀ।
"ਜੇ ਆਦਮੀ ਪਹਿਲਾਂ ਹੀ ਰੱਖ ਲੈਣਾ ਸੀ, ਫੇਰ ਅਖ਼ਬਾਰ ਵਿਚ ਖਬਰ ਕਢਵਾਉਣ ਵੀ ਤੇ ਸਾਡੇ ਤੀਹ ਚਾਲੀ ਰੁਪੈ ਲਗਾਉਣ ਦੀ ਕੀ ਲੋੜ ਸੀ। ਗੁਰਦਾਸਪੁਰ ਤੋ ਆਇਆ ਉਮੀਦਵਾਰ ਰੌਲਾ ਪਾ ਰਿਹਾ ਸੀ।
"ਉਥੇ ਆਪਣੀ ਕੌਣ ਸੁਣੇਗਾ? ਮੈਂ ਕਿਹਾ ਸੀ, ਪਰ ਫੇਰ ਵੀ ਅਰਜ਼ੀ ਲਿਖੀ ਗਈ। ਸਾਰਿਆਂ ਦੇ ਦਸਤਖਤ ਕਰਵਾਏ ਤੇ ਗੁਰਦਾਸਪੁਰ ਵਾਲੇ ਉਮੀਦਵਾਰ ਨੇ ਉਸ ਦੀ ਰਜਿਸਟਰੀ ਕਰਵਾਏ ਭੇਜਣ ਦਾ ਜਿਮਾ ਵੀ ਆਪਣੇ ਸਿਰ ਲਿਆ ਸੀ।
ਇੰਟਰਵਿਊ ਦੇਣ ਸਮੇਂ ਇਕ ਬਠਿੰਡੇ ਤੋਂ ਆਏ ਉਮੀਦਵਾਰ ਨਾਲ ਮੇਰੀ ਚੰਗੀ ਬੋਲ ਚਾਲ ਹੋ ਗਈ ਸੀ। ਉਹ ਪਟਿਆਲੇ ਪਹਿਲਾਂ ਵੀ ਕਈ ਵਾਰ ਆ ਚੁਕਾ ਸੀ ਤੇ ਸ਼ਹਿਰ ਦਾ ਚੰਗਾ ਭੇਤੀ ਸੀ। ਮੈਂ ਪਟਿਆਲੇ ਦੇ ਰਾਜੇ ਬਾਰੇ ਕਾਫ਼ੀ ਕੁਝ ਸੁਣਿਆ ਸੀ। ਪਰ ਉਹਦੇ ਸ਼ਹਿਰ ਨੂੰ ਤੱਕਣ ਦੀ ਦਿਲ ਵਿਚ ਬੜੀ ਡੂੰਘੀ ਰੀਝ ਸੀ। ਨਵੇਂ ਮਿੱਤਰ ਨਾਲ ਗੱਲ ਕੀਤੀ। ਉਹ ਛੇਤੀ ਹੀ ਮੰਨ ਗਿਆ ਤੇ ਅਸੀਂ ਪੈਦਲ ਹੀ ਦੇਖਣ ਯੋਗ ਸਾਰੀਆਂ ਰ੍ਹਾਵਾਂ ਸ਼ਾਮ ਤੱਕ ਦੇਖ ਲਈਆਂ ਸਨ। ਦੋ ਦ੍ਰਿਸ਼ ਹੁਣ ਤੱਕ ਮੇਰੀਆਂ ਅੱਖਾਂ ਅੱਗੇ ਘੁੰਮ ਰਹੇ ਹਨ।
ਇਕ - ਮੋਤੀ ਬਾਗ ਵਿਚ ਜਦੋਂ ਅਸੀ ਸੈਰ ਕਰਦੇ ਕਰਦੇ ਬਾਗ ਦੇ ਸੁੰਨ ਜਿਹੇ ਪਾਸੇ ਚਲੇ ਗਏ ਤਾਂ ਡੰਡਰਮ ਦੀ ਬੇਲ ਦੇ ਪਿੱਛੇ ਨੌਜਵਾਨ ਮੁੰਡਾ ਤੇ ਕੁੜੀ ਇੱਕ ਹੋਏ ਪਏ ਸਨ ਤੇ ਸਾਡੇ ਪੈਰਾਂ ਦਾ ਖੜਾਕ ਸੁਣਕੇ ਉਹ ਦੋ ਹੋ ਗਏ ਸੀ।
"ਕਿੰਨਾਂ ਲੁੱਚਪੁਣੈ।" ਮੇਰਾ ਸਾਥੀ ਬੁੜਬੁੜਾਇਆ ਸੀ।
"ਭੂਪੇ ਦਾ ਸ਼ਹਿਰ ਜੋ ਹੋਇਆ, ਮੈਂ ਉਸ ਦਾ ਉਤਰ ਦਿੱਤਾ ਤੇ ਉਹ ਖਿੜ ਖਿੜ ਕਰ ਕੇ ਹੱਸ ਪਿਆ ਸੀ।
ਦੂਜਾ - ਅਸੀਂ ਥੱਕੇ ਹਾਰੇ ਆਪਣੇ ਮੇਚ ਦੀ ਚਾਹ ਦੀ ਦੁਕਾਨ ਦੇਖ ਕੇ ਚਾਹ ਪੀਣ ਲਈ ਉਸ ਵਿਚ ਚਲੇ ਗਏ ਸਾਂ। ਇਕ ਛੋਟਾ ਜਿਹਾ ਬੜਾ ਖ਼ੂਬਸੂਰਤ ਨੰਗਾ ਧੜੰਗਾ ਬੱਚਾ ਰਿੜਦਾ ਹੋਇਆ ਸਾਡੇ ਕੋਲ ਆ ਕੇ ਮੇਰੇ ਸਾਥੀ ਦੇ ਪੈਰਾਂ ਵਿਚ ਬੈਠ ਗਿਆ ਸੀ।
"ਕਿੰਨਾ ਪਿਆਰਾ ਬੱਚਾ ਹੈ।" ਮੈਂ ਕਿਹਾ।
ਕੀਦੈ ਬਾਈ ਸਾਬੋ ਇਸਨੂੰ... ਲਿਬੜੇ ਹੱਥ ਕੱਪੜਿਆਂ ਨੂੰ ਲਾਹ ਰਿਹੈ ਮੇਰੇ ਸਾਥੀ ਨੇ ਦੁਕਾਨਦਾਰ ਨੂੰ ਕਿਹਾ।
ਦੁਕਾਨਦਾਰ ਨੇ ਬੜੀ ਖਿਝ ਕੇ ਉਚੀ ਆਵਾਜ਼ ਮਾਰੀ "ਚੁੱਕ ਲੈ ਜਾ ਨੀਂ ਆਪਣੇ ਹਰਾਮੀ ਨੂੰ, ਗਾਹਕਾਂ ਨੂੰ ਚਾਹ ਵੀ ਪੀਣ ਨਹੀਂ ਦਿੰਦਾ।
ਫੇਰ ਇਕ ਖੁੱਲ੍ਹੇ ਵਾਲਾਂ ਵਾਲੀ ਤੀਵੀਂ ਅਜੀਬ ਜਿਹਾ ਹਾਸਾ ਹੱਸਦੀ ਆਈ ਤੇ ਬੱਚੇ ਨੂੰ ਚੁੱਕ ਕੇ ਲੈ ਗਈ। ਮੈਲ-ਭਰੇ ਲੀਰ ਹੋਏ

ਕੱਪੜਿਆਂ ਵਿਚੋਂ ਉਹਦਾ ਫੁਲਿਆ ਹੋਇਆ ਢਿੱਡ ਤੇ ਅੱਧ ਪਚੱਧ ਨੰਗ, ਸਾਫ ਦਿਖਾਈ ਦੇ ਰਿਹਾ ਸੀ।
ਇਸ ਮੁੰਡੇ ਦਾ ਬਾਪ ਕੀ ਕਰਦੈ? ਮੈ ਤੀਵੀਂ ਭੈੜੀ ਦੀ ਹਾਲਤ ਦੇਖ ਕੇ ਦੁਕਾਨਦਾਰ ਤੋਂ ਪੁੱਛਿਆ।
"ਜੇ ਇਕ ਬਾਪ ਹੋਵੇ ਤਾਂ ਦੱਸਾਂ ਜੀ....।" ਕਹਿ ਕੇ ਉਹ ਵੀ ਤੀਵੀਂ ਵਾਂਗ ਹੱਸਣ ਲੱਗ ਪਿਆ ਸੀ।
"ਬੱਸ ਵਿਚ ਮੇਰੇ ਕੋਲ ਬੈਠਾ ਇਕ ਆਦਮੀ ਆਪਣੇ ਨਾਲ ਦੇ ਨੂੰ ਕਹਿ ਰਿਹਾ ਸੀ, ਬੜੀ ਤਰੱਕੀ ਕੀਤੀ ਹੈ ਪਟਿਆਲੇ ਨੇ... ਉਸ ਦੀ ਗੱਲ ਸੁਣ ਕੇ ਮੇਰਾ ਅਚਾਨਕ ਹਾਸਾ ਨਿਕਲ ਗਿਆ।
**"ਰੰਗ ਬਰੰਗੀਆਂ ਐਨਕਾਂ"** ਕਹਾਣੀ ਕੱਚੇ ਕੋਠਿਆਂ ਦੇ ਵਾਸੀ ਕਹਾਣੀ ਸੰਗ੍ਰਹਿ ਦੀ ਪਹਿਲੀ ਕਹਾਣੀ ਰਾਹੀ ਕਹਾਣੀਕਾਰ ਇਸ ਤਰ੍ਹਾਂ ਪੇਸ਼ ਕਰਦਾ ਹੈ।
ਉਸ ਦੀ ਗੱਲ ਸੁਣ ਕੇ ਉਸਦੇ ਪਿਤਾ ਜੀ ਨੂੰ ਅੰਤਾਂ ਦੀ ਹੈਰਾਨੀ ਹੋਈ। ਉਹ ਉਸ ਦੇ ਮੂੰਹ ਵੱਲ ਦੇਖਣ ਲੱਗ ਪਿਆ। ਉਸਨੂੰ ਉਸਦੇ ਚਿਹਰੇ ਤੇ ਕੁਝ ਕਮੀ ਮਹਿਸੂਸ ਹੋਈ। ਫੇਰ ਕੁਝ ਸੋਚ ਕੇ ਕਿਹਾ, ਐਨਕਾਂ ਕਿਥੇ ਨ?
"ਕਿਉਂ....?"
"ਕਿਉਂਕਿ ਮੈਂ ਹੁਣ ਅਸਲ ਦੇਖਣ ਲੱਗ ਪਿਆ ਹਾਂ।"
"ਬੱਸ ਠੀਕ ਐ... ਹੁਣ ਤੇਰੇ ਭੁੱਖੇ ਮਰਨ ਦੇ ਦਿਨ ਆ ਗਏ ਲਗਦੇ ਨੇ... ਜ। ਅਸਲ ਹੀ ਦੇਖਣਾ ਤਾਂ ਅੱਜ ਤੋਂ ਆਪਣੀ ਕਮਾ ਕੇ ਖਾ। ਜਵਾਬ ਵਿਚ ਉਹ ਚੁੱਪ ਹੀ ਰਿਹਾ।
ਐਨਕਾਂ ਦੇ ਲਹਿ ਜਾਣ ਨਾਲ ਉਸਦੇ ਘਰ ਵਿਚ ਅਸ਼ਾਂਤੀ ਰਹਿਣ ਲੱਗ ਪਈ। ਉਸ ਲਈ ਵਿਹਲੜ ਕੰਮ ਚੋਰ ਤੇ ਨਿਖੱਟੂ ਆਦਿ ਵਿਸ਼ੇਸ਼ਣ ਵਰਤੇ ਜਾਣ ਲੱਗ ਪਏ ਹਨ। ਦੋਸਤਾਂ ਵਿਚ ਉਸਦਾ ਆਦਰ ਘੱਅ ਗਿਆ। ਜਿਹੜੇ ਦੋਸਤ ਉਸ ਤੋਂ ਦਾਰੂ ਸਿੱਕਾ ਚਲਾਉਬਣ ਲਈ ਉਸ ਦੀ ਘਟੀਆ ਤੋਂ ਘਟੀਆਂ ਗੱਲ ਦੀ ਪ੍ਰਸੰਸਾ ਕਰਨੋਂ ਨਹੀਂ ਹੱਟਦੇ ਸਨ, ਉਹ ਹੁਣ ਉਸ ਨੂੰ ਦੇਖਕੇ ਰਾਹ ਬਦਲ ਲੈਂਦੇ ਕਿਤੇ ਖਰਚ ਲਈ ਕੁਝ ਪੈਸੇ ਉਧਾਰ ਨਾ ਮੰਗ ਲਵੇ। ਉਹ ਵੀ ਸਭ ਕੁਝ ਸਮਝਦਾ ਹੈ। ਦੋਸਤਾਂ ਦਾ ਬਦਲਿਆ ਰੁਖ ਵੇਖ ਕੇ ਉਸ ਦੇ ਵੀ ਕਾਲਜੇ ਤੇ ਪੱਛ ਲੱਗਦੇ ਹਨ। ਉਹ ਸਭ ਕੁਝ ਸਹੀ ਜਾ ਰਿਹਾ ਹੈ। ਕਿਉਂਕਿ ਉਸਨੂੰ ਅਸਲ ਦੇਖਣ ਦੀ ਆਦਤ ਜੋ ਪੈ ਗਈ ਹੈ।
ਖਰਚ ਕੰਨਿਓ ਤਾਂ ਉਹ ਪਹਿਲਾਂ ਹੀ ਤੰਗ ਰਹਿੰਦਾ ਸੀ। ਨੌਕਰੀ ਲਈ ਉਸ ਥਾਂ ਅਰਜ਼ੀਆਂ ਵੀ ਦਿੱਤੀਆਂ ਸਨ ਪਰ ਕਿਤੋਂ ਬੁਲਾਵਾ ਨਹੀ ਸੀ ਆਇਆ। ਕਹਿੰਦੇ ਹਨ ਬਾਰਾਂ ਵਰ੍ਹਿਆਂ ਪਿੱਛੋਂ ਤਾਂ ਰੂੜੀ ਦੀ ਵੀ ਸੁਣੀ ਜਾਂਦੀ ਹੈ ਤੇ ਉਹਦੀ ਵੀ ਸੁਣੀ ਗਈ ਇੰਟਰਵਿਊ ਆ ਗਈ, ਸਰਕਾਰੀ ਦਫ਼ਤਰ ਵਿਚ। ਹੋਰ ਉਮੀਦਵਾਰਾਂ ਦੀ ਤਰ੍ਹਾਂ ਉਹ ਵੀ ਮਿਥੇ ਸਮੇਂ ਤੇ ਇੰਟਰਵਿਊ ਲੈਣ ਤੋਂ ਮਗਰੋਂ ਬਾਹਰ ਭੇਜ ਦਿੱਤੇ ਜਾਂਦੇ ਉਸ ਦੀ ਵਾਰੀ ਆਈ ਉਹ ਵੀ ਅੰਦਰ ਗਿਆ, ਸਵਾਲ ਪੁੱਛੇ ਜਾਣ ਲੱਗੇ।
"ਬੀ.ਏ ਕਦ ਕੀਤੀ?"
"ਕਈ ਸਾਲ ਹੋ ਗਏ ਜੀ।"
"ਡਵੀਜ਼ਨ...?"
"ਸੈਕਿੰਡ.....।"
ਸ਼ੌਕ .....।
ਕਿਤਾਬਾਂ ਪੜ੍ਹਦਾ....
ਕਿਹੜੇ ਕਿਹੜੇ ਲੇਖਕ ਪਸੰਦ ਨੇ.......
"ਵਦੇਸ਼ੀਆਂ 'ਚ ਗੋਗੋਲ ਤੇ ਸ਼ੋਲੋਖੋਵ ਤੇ ਪੰਜਾਬੀਆਂ ਵਿਚ ਸੇਖੋਂ ਤੇ ਸੁਜਾਨ ਸਿੰਘ
ਆਪਣੀ ਰੋਜ਼ਾਨਾ ਲਾਈਫ਼ ਵਿਚ ਕੀ ਦੇਖਦਾ ਹੈ?
ਭੁੱਖ ਨੰਗ ਗਰੀਬੀ ਕੁਣਬਾਪ੍ਰਵਰੀ ਚੋਰੀ ਡਾਕੇ ਰਿਸ਼ਵਰਖੋਰੀ.....।
ਹੂੰ.... ਠੀਕ ਹੈ ਜਾ ਸਕਦੇ ਹੋ......।
ਉਹ ਬਾਹਰ ਆਉਂਦਾ ਹੈ ਤੇ ਖੁਸ਼ ਹੈ ਉਸਨੂੰ ਚੁਣੇ ਜਾਣ ਦੀ ਪੂਰੀ ਆਸ ਹੈ ਇੰਟਰਵਿਊ ਜੋ ਬਹੁਤ ਵਧੀਆ ਹੋਈ ਹੈ। ਨੰਬਰ ਵੀ ਸਭ ਤੋਂ ਜਿਆਦਾ ਹਨ। ਉਸ ਤੋਂ ਮਗਰੋਂ ਇੰਟਰਵਿਊ ਲੈਣ ਦਾ ਸਿਲਸਿਲਾ ਜਾਰੀ ਰਿਹਾ।
ਇੰਟਰਵਿਊ ਖ਼ਤਮ ਹੋ ਗਈ। ਸਭ ਰਜ਼ੱਲਟ ਦਾ ਇੰਤਜਾਰ ਕਰਨ ਲੱਗ ਪਏ ਸਾਰੇ ਚਾਹੁੰਦੇ ਸਨ ਕਿ ਰਜ਼ੱਲਟ ਜਿੰਨੀ ਜਲਦੀ ਹੋਵੇ ਉਨਾ ਹੀ ਚੰਗਾ ਹੈ ਤਾਂ ਕਿ ਫਟਾ ਫਟ ਆਪੋ ਆਪਣੇ ਘਰਾਂ ਨੂੰ ਪਰਤ ਜਾਈਏ ਪਰ ਬਿੱਲੀ ਦੇ ਗੱਲ ਟੱਲੀ ਕੌਣ ਬੰਨ? ਸਮੱਸਿਆ ਸਾਰਿਆਂ ਅੱਗੇ ਹਿਮਾਲੀਆ ਪਰਬਤ ਬਣਕੇ ਖੜੀ ਸੀ।
"ਮੈਂ ਜਾਨਾਂ... ਉਸ ਨੇ ਕਿਹਾ।
"ਮਿਸਟਰ ਬਾਂਕੇ, ਗਰੀਬਦਾਸ ਅਤੇ ਪ੍ਰੋਫੈਸਰ ਵਰਗਿਆਂ ਨਾਲ ਰਹਿ ਕੇ ਉਸਦੇ ਮਨ ਵਿਚ ਡਰ ਸ਼ਬਦ ਜੋ ਨਿਕਲ ਗਿਆ ਸੀ। ਫੇਰ ਅੱਜ ਉਸਨੂੰ ਵਰ੍ਹਿਆ ਦੀ ਉਡੀਕ ਬਾਅਦ ਰੋਜ਼ੀ ਮਿਲਣ ਦੀ ਆਸ ਵੀ ਹੋ ਗਈ ਸੀ। ਉਸਦੇ ਹੌਸਲੇ ਹੈਰਾਨ ਸਨ। ਉਸਦੇ ਚਿਕ-ਚੁਕ ਕੇ ਕਿਹਾ,
ਸ੍ਰੀ ਮਾਨ ਜੀ ਕੀ ਮੈ ਅੰਦਰ ਆ ਸਕਦਾ ਹਾਂ?"
"ਜਵਾਬ ਵਿਚ ਇੰਟਰਵਿਊ ਲੈਣ ਵਾਲਿਆਂ ਦੇ ਸਿਰ ਹਾਂ ਵਿਚ ਇਸ ਤਰ੍ਹਾਂ ਹਿਲੇ ਜਿਵੇਂ ਉਹਨਾਂ ਦੀਆਂ ਸਵਾਲ ਕਰਦਿਆਂ ਕਰਦਿਆਂ ਦੀਆਂ ਜੁਬਾਨਾਂ ਥੱਕ ਗਈਆਂ ਹੋਣ।
ਉਹ ਅੰਦਰ ਚਲਾ ਗਿਆ।
"ਜੀ ਰਜੱਲਟ.... ਉਸ ਨੇ ਕਿਹਾ।
"ਤੈਨੂੰ ਕੀ ਲੋੜ ਏ ਰਜ਼ੱਲਟ ਦੀ....
ਜੇ ਲੋੜ ਹੈ ਤਾਂ ਹੀ ਕਿਰਾਇਆ ਖਰਚ ਕੇ ਇੰਨੀ ਦੂਰੋਂ ਆਇਆਂ ਹਾਂ।
"ਸੱਚ ਬਹੁਤ ਲੋੜ ਐ? ਉਸਦਾ ਉਤਰ ਸੁਣ ਕੇ ਇੰਟਰਵਿਊ ਲੈਣ ਵਾਲਿਆਂ ਦੇ ਚਿਹਰੇ ਖਿੜ ਗਏ।
ਹਾਂ ਜੀ....।
"ਨੌਕਰੀ ਦਾ ਤੈਨੂੰ ਘਾਟੈ, ਪਹਿਲਾਂ ਜਾ ਕਿਸੇ ਸਰਕਾਰੀ ਡਾਕਟਰ ਤੋ ਐਨਕਾਂ ਫਿੱਟ ਕਰਵਾ ਤੇਰੀ ਨਿਗਾਹ ਖਰਾਬ ਹੋਈ ਪਈ ਐ।"
**"ਕਬਰਾਂ"** ਕਹਾਣੀ ਕੱਚੇ ਕੋਠਿਆਂ ਦੇ ਵਾਸੀ ਕਹਾਣੀ ਸੰਗ੍ਰਹਿ ਵਿਚ ਇਸ ਤਰ੍ਹਾਂ ਚਾਚ ਜੀ ਤੁਹਾਡੇ ਮਹਾਰਾਜ ਸਾਹਿਬ ਤਾਂ ਜਾਨਵਰਾਂ ਦੇ ਬੜੇ ਸ਼ੌਕਿਨ ਸਨ। ਹਾਂ ਉਹ ਤ; ਹੈ ਹੀ ਸਨ। ਉਹਨਾਂ ਦੇ ਕਦੇ ਆਪਣੇ ਦਿਲ ਅੰਦਰ ਜਾਗੀ ਖਾਹਿਸ਼ ਅਧੂਰੀ ਨਹੀਂ ਸੀ ਰਹਿਣ ਦਿੱਤੀ। ਜੇ ਉਹਨਾਂ ਨੂੰ ਚੰਗੇ ਬਲਦ ਰੱਖਣ ਦਾ ਖਿਆਲ ਆਇਆ ਤਾਂ ਪਰਬਰਸਰ ਤੋਂ ਰੇੜੂ ਜੋੜਨ ਲਈ ਬਲਦਾਂ ਦੀ ਜੋੜੀ ਮੰਗਵਾ ਲਈ। ਜੇ ਚੰਗੀ ਨਸਲ ਦੇ ਅਲਸ਼ੇਸ਼ਨ ਕੁੱਤਿਆਂ ਦਾ ਪਤਾ ਲੱਗਿਆ ਤਾ ਉਟੀਕਾਡ ਤੋਂ ਸਪੈਸ਼ਲ ਆਦਮੀ ਕੁੱਤੇ ਲੈਦ ਲਈ ਭੇਜਿਆ ਗਿਆ। ਜਿਸ ਦਾ ਸਿਰਫ਼ ਕਿਰਾਏ ਤੇ ਦੋ ਹਜ਼ਾਰ ਤੋਂ ਉਪਰ ਖਰਚ ਆਇਆ।

ਇਵੇਂ ਸਰਦਾਰ ਕੁੱਤਿਆਂ ਦੀਆਂ ਮਹਾਰਾਜ ਦੇ ਸ਼ੌਂਕ ਦੀਆਂ ਕਰਦਾ ਕਰਦਾ ਤੁਰਿਆਂ ਗਿਆ। ਪਰ ਸੰਗਮਰਮਰ ਦੀਆਂ ਕਬਰਾਂ ਕੋਲ ਆ ਕੇ ਉਸ ਦੇ ਭਤੀਜੇ ਦੇ ਕਦਮ ਰੁਕ ਗਏ। ਉਹ ਅਜੇ ਉਸ ਤੇ ਉਕਰੇ ਅੱਖਰਾਂ ਨੂੰ ਜੋ ਕੁਝ ਹੁਣ ਮੱਧਮ ਪੈ ਗਏ ਹਨ ਪੜ੍ਹਨਾ ਹੀ ਚਾਹੁੰਦ; ਸੀ ਕਿ ਸਰਦਾਰ ਨੇ ਦੱਸਣਾ ਸ਼ੁਰੂ ਕਰ ਦਿੱਤਾ, ਇਹ ਕਬਰ ਮਹਾਰਾਜ ਦੀ ਪਿਆਰੀ ਕੁੱਤੀ ਲੀਲੀ ਦੀ ਹੈ। ਲਿਲੀ ਉਹਨਾਂ ਆਪਣੀ ਪ੍ਰੇਮਿਕਾ ਦੀ ਤਰ੍ਹਾਂ ਰੱਖੀ ਹੋਈ ਸੀ। ਜਿਥੇ ਵੀ ਜਾਂਦੇ ਲਿਲੀ ਨਾਲ ਹੁੰਦੀ। ਇਹ ਉਹਨਾਂ ਨੇ ਦੇਹਰਾਦੂਨ ਤੋਂ ਪੰਜ ਸੌ ਰੁਪਏ ਵਿਚ ਖਰੀਦੀ ਸੀ। ਉਸ ਦੇ ਮਰਨ ਮਗਰੋਂ ਮਹਾਰਾਜ ਸਾਹਿਬ ਅੱਠ ਦੱਸ ਦਿਨ ਬਗੈਰ ਕੁਝ ਖਾਧੇ ਪੀਤੇ ਸ਼ਰਾਬ ਨਾਲ ਡੱਕੇ ਇਕੋ ਕਮਰੇ ਵਿਚ ਬੈਠੇ ਰਹੇ ਸਨ। ਕਿਸੇ ਨਾਲ ਕਲਾਮ ਤੱਕ ਨਹੀਂ ਸੀ ਕੀਤੀ। ਉਸ ਕੁੱਤੇ ਦਾ 700 ਗ੍ਰਾਮ ਵਜਣ ਸੀ, ਸਫੈਦ ਰੂਹ ਦਾ ਗੋਹੜਾ ਲੱਗਦਾ ਸੀ ਉਹ ਆਦਮੀ ਦੇਖਦਾ ਦੇਖਦਾ ਹੀ ਰਹਿ ਜਾਂਦਾ ਇਸੇ ਲਈ ਨੰਗਲਾ ਫਾਰਮ ਦੇਖਣ ਗਈ ਰਾਣੀ ਸਾਹਿਬਾਂ ਨੇ ਜਦ ਟਾਇਨੀ ਇਕ ਮਜ਼ਦੂਰ ਨਾਲ ਜਾਂਦਾ ਦੇਖਿਆ ਤੈ ਉਥੇ ਹੀ ਮਹਾਰਾਜ ਸਾਹਿਬ ਅੱਗੇ ਇੱਛਾ ਪ੍ਰਗਟ ਕਰ ਦਿੱਤੀ। ਬੜੀ ਮੁਸ਼ਕਿਲ ਨਾਲ ਕੁੱਤਾ ਪ੍ਰਾਪਮ ਕੀਤਾ ਗਿਆ ਸੀ। ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕੁੱਤਾ ਵੇਚਣ ਤੋਂ ਮਗਰੋਂ ਉਸ ਮਜ਼ਦੂਰ ਦੀਆਂ ਅੱਖਾਂ ਭਰ ਆਈਆਂ ਸਨ। ਟਾਇਨੀ ਦੇ ਮਰ ਜਾਣ ਮਗਰੋਂ ਰਾਣੀ ਸਾਹਿਬਾ ਨੇ ਅਫ਼ਸੋਸ ਵਿਚ ਨਾ ਤਾ ਕਈ ਦਿਨ ਕੱਪੜੇ ਬਦਲੇ ਸਨ, ਨਾ ਖਾਣਾ ਖਾਧਾ ਸੀ। ਸਿਰਫ ਸੰਤਰਿਆਂ ਦਾ ਜੂਸ ਅਤੇ ਦੁੱਧ ਹੀ ਪੀਂਦੀ ਰਹੀ ਸੀ।

ਇਸ ਤਰ੍ਹਾਂ ਸਰਦਾਰ ਉਹਨਾਂ ਨੂੰ ਕੁੱਤਿਆਂ ਦੀਆਂ ਕਬਰਾਂ ਬਾਰੇ ਦੱਸਦਾ ਅੱਗੇ ਹੀ ਤੁਰਿਆ ਜਾ ਰਿਹਾ ਸੀ। ਉਹਨਾਂ ਨੂੰ ਲੱਗਿਆ ਜਿਵੇਂ ਉਹ ਹੁਣ ਤੱਕ ਕਬਰਸਤਾਨ ਦੀ ਜਾਂ ਕਿਸੇ ਚਿੱੜੀਆਂ ਘਰ ਦੀ, ਕਿਸੇ ਗਾਈਡ ਨਾਲ ਸੈਰ ਕਰਦੇ ਹੋਣ, ਮੁਆਫ਼ ਕਰਨਾ ਚਾਚਾ ਜੀ। ਥੀ ਮਹਾਰਾਜ ਸਾਹਿਬ ਕੋਲ ਜਾਨਵਰ ਹੀ ਜਾਨਵਰ ਸਨ, ਆਦਮੀ ਨਹੀਂ ਸਨ?

"ਹਾਂ ਬਹੁਤ ਸਨ।"

"ਉਹਨਾਂ ਚੋਂ ਕੋਈ ਮਰਿਆ ਨਹੀਂ ਸੀ?"

"ਹਾਂ ਮਰੇ ਸਨ।"

"ਫੇਰ ਉਹਨਾਂ ਦੀਆਂ ਕਬਰਾਂ ਕਿੱਥੇ ਨੇ?"

### ਹ. ਫਲੈਸ਼ ਬੈਕ ਵਿਧੀ ਦੀ ਵਰਤੋਂ

"ਕਮਾਈ ਕਹਾਣੀ ਵਿਚ ਇਸ ਵਿਧੀ ਦੀ ਵਰਤੋਂ ਇਸ ਤਰ੍ਹਾਂ ਹੈ।"

ਹੁਣ ਦੋਵੇ ਜਣੇ ਆਪਣਾ ਪੂਰਾ ਜੋਰ ਲਾ ਕੇ ਸਮਾਲੇ ਦੀਆਂ ਭਰੀਆਂ ਕਰਨੀਆਂ ਕੰਧਾਂ ਤੇ ਸੁੱਟਦੇ ਤੇ ਬੜੀ ਫੁਰਤੀ ਨਾਲ ਉਹਨਾਂ ਤੇ ਗੁਰਮਾਲੇ ਫੇਰ ਰਹੇ ਸਨ ਅਤੇ ਲਲਕਾਰੇ ਮਾਰ ਰਹੇ ਸਨ ਆਪਣੇ ਸਾਥੀ ਮਜ਼ਦੂਰਾਂ ਨੂੰ ਛੇਤੀ ਤੋਂ ਛੇਤੀ ਸਮਾਨ ਲਿਆਉਣ ਲਈ। ਠੇਕੇਦਾਰ ਵੀ ਉਰੀ ਵਾਂਗ ਘੁੰਮ ਰਿਹਾ ਹੈ, ਕਦੇ ਕੰਧ ਦੇ ਉਰਾਰ ਤੇ ਕਦੇ ਕੰਧ ਦੇ ਪਾਰ ਕਦੇ ਉਹ ਕੋਈ ਅਜਿਹੀ ਗੱਲ ਕਹਿਕੇ ਸੁਰਜਨ ਦੀ ਬੱਤੀ ਉਗਾਸ ਦਿੰਦਾ ਹੈ ਤੇ ਕਦੇ ਜੱਗੇ ਦੀ।

ਸਰਦੀਆਂ ਤੇ ਦਿਨ ਸਨ। ਦੋਵੇਂ ਮੁੜਕੋ-ਮੁੜਕਾ ਹੋ ਗਏ ਸਨ। ਜੱਗੇ ਨੇ ਪੱਗ ਲਾਹੀ ਹੈ, ਪਰ ਸੁਰਜਨ ਨੇ ਪੱਗ ਨਾਲ ਕਮੀਜ਼ ਵੀ। ਦੋਹਾਂ ਦੇ ਸਾਹ ਫੁੱਲੇ ਦੇਖ ਕੇ ਮੈਨੂੰ ਉਹਨਾਂ ਦੀ ਹਾਲਤ ਤੇ ਤਰਸ ਆ ਰਿਹਾ ਹੈ। ਅਜਿਹਾ ਹੀ ਤਰਸ ਕੇਰਾਂ ਮੈਨੂੰ ਮੁਰਗਿਆਂ ਦੀ ਲੜਾਈ ਵੇਖ ਕੇ ਹੋਇਆ ਸੀ। ਮਾਲਕਾਂ ਨੇ ਵੀਹ ਵੀਹ ਰੁਪਏ ਦੀ ਸ਼ਰਤ ਲਾਈ ਹੋਈ ਸੀ। ਉਹ ਖਾੜੇ ਤੋਂ ਬਾਹਰ ਖੜੇ ਮੁਰਗਿਆਂ ਦੀਆਂ ਵਜਦੀਆਂ ਤਾੜਾਂ ਦੇਖ ਕੇ ਖੁਸ਼ ਹੋ ਰਹੇ ਸੜ ਤੇ ਰੋਲਾ ਪਾ ਰਹੇ ਸਨ। ਮੁਰਗਿਆਂ ਦੀਆਂ ਕਲਗੀਆਂ ਚੁੰਝਾਂ, ਦਾੜੀਆਂ, ਤੇ ਧੌਣਾਂ ਦੇ ਵਾਲ ਲਹੂ ਲੂਹਾਨ ਹੋ ਗਏ ਸਨ। ਦੋਹਾਂ ਦੇ ਸਾਹ ਫੁਲ ਗਏ ਸਨ ਟੰਗਾਂ ਥੱਕ ਗਈਆਂ ਸੀ। ਬਾਜੂ ਜਵਾਬ ਦੇ ਗਏ ਸਨ ਪਰ ਮੈਦਾਨ ਕੋਈ ਵੀ ਨਹੀਂ ਸੀ ਛੱਡ ਰਿਹਾ। ਮਸਲਾ ਇੱਜ਼ਤ ਦਾ ਸੀ ਜਾਂ ਸ਼ਾਮ ਨੂੰ ਮਿਲਣ ਵਾਲੀ ਖੁਰਾਕ ਦਾ।

ਇਹੋ ਹਾਲ ਹੁਣ ਇੱਥੇ ਹੈ। ਮੈਂ ਸੋਚਾਂ ਵਿਚ ਗਲਤਾਨ ਹਾਂ ਉਹ ਕੰਮ ਵਿੱਚ ਅਚਾਨਕ ਮੇਰੀ ਨਿਗਾਹ ਘੜੀ ਤੇ ਚਲੀ ਗਈ ਹੈ। ਮੈਂ ਹੈਰਾਨ ਹਾਂ ਕਿ ਮਿਸਤਰੀਆਂ ਨੇ ਘੜੀ ਕਿਉਂ ਨਹੀਂ ਦੇਖੀ ਪਰ ਸੋਚਦਾ ਹਾਂ ਸ਼ਾਇਦ ਜ਼ੋਸ਼ ਨੇ ਹੋਸ਼ ਉਡਾ ਦਿੱਤੇ... ਮਜ਼ਦੂਰਾਂ ਚੋਂ ਕਿਸੇ ਨੇ ਘੜੀ ਦੇਖ ਹੀ ਲੈਣੀ ਸੀ, ਮੇਰੇ ਦਿਮਾਗ ਵਿਚ ਸਵਾਲ ਉਭਰ ਆਇਆ।

**'ਜਹਿਰੀਲੇ ਨਾਗ'** ਕਹਾਣੀ ਵਿਚ ਕਹਾਣੀਕਾਰ ਇਸ ਤਕਨੀਕ ਦੀ ਵਰਤੋਂ ਇਸ ਪ੍ਰਕਾਰ ਕਰਦਾ ਹੈ।

"ਅੱਛਾ ਫੇਰ.....?

"...... ਫੇਰ ਮੇਰੀ ਜ਼ਿੰਦਗੀ ਵਿਚ ਝੱਖੜ ਝੁੱਲਿਆ ਉਹਨਾਂ ਅਜੇ ਡੇਢ ਮਹੀਨੇ ਦੀ ਛੁੱਟੀ ਕੱਟੀ ਹੀ ਸੀ ਕਿ ਉਹਨਾਂ ਦੇ ਹੈੱਡ ਕੁਆਟਰ ਤੋਂ ਤਾਰ ਰਾਹੀਂ ਫੌਰਨ ਵਾਪਸ ਬੁਲਾ ਲਿਆ, ਕਿਉਂਕਿ ਪਾਕਿਸਤਾਨ ਨੇ ਭਾਰਤ ਤੇ ਹਮਲਾ ਕਰ ਦਿੱਤਾ ਸੀ। ਫੇਰ ਇਕ ਹੋਰ ਤਾਰ ਆਈ ਇਸ ਵਾਰ ਉਹ ਕੁਝ ਰੁਕੀ, ਮੇਰੇ ਘਰ ਮਾਤਮ ਛਾ ਗਿਆ। ਸੱਸ ਜਵਾਨ ਪੁੱਦਰ ਦੇ ਹਮੇਸ਼ਾ ਲਈ ਵਿਛੋੜੇ ਵਿਚ ਪਾਗਲ ਹੋ ਗਈ। ਮੇਰੀ ਖੁਸ਼ ਕਿਸਮਤੀ ਬਦਕਿਸਮਤੀ ਦਾ ਰੂਪ ਧਾਰ ਗਈ।"

ਨਸੀਬ ਦੀਆਂ ਅੱਖਾਂ ਵਿਚ ਅੱਥਰੂ ਛਲਕ ਆਏ ਤੇ ਆਵਾਜ਼ ਭਾਰੀ ਹੋ ਗਈ। ਚੁੰਨੀ ਨਾਲ ਅੱਥਰੂ ਪੂੰਝ ਦੀ ਹੋਈ ਨਸੀਬ ਨੇ ਚਾਹ ਗਿਲਾਸ ਵਿਚ ਪਾ ਕੇ ਬਲਬੀਰ ਨੂੰ ਫੜਾ ਦਿੱਤੀ।

"....ਤੇ ਫੇਰ ਕੀ ਹੋਇਆ? ਬਲਵੀਰ ਨੇ ਚਾਹ ਦਾ ਗਲਾਸ ਫੜਦਿਆਂ ਆਖਿਆ।"

"ਫੇਰ ਘਰ ਦੇ ਵੈਰੀ ਹੋ ਗਏ। ਮੇਰਾ ਦਿਉਰ ਮੈਨੂੰ ਆਪਣੀ ਮਲਕੀਅਤ ਸਮਝਣ ਲੱਗਿਆ, ਜਿਹੜਾ ਸਰਦਾਰ ਜੀ ਦੇ ਜਿਉਂਦਿਆਂ ਮੇਰੇ ਮੂਹਰੇ ਕਦੇ ਡਰਦਾ ਸਾਬਤ ਸਾਹ ਵੀ ਨਹੀਂ ਸੀ ਲੈਂਦਾ। ਮੇਰੇ ਪੇਕੇ ਵੀ ਮੈਨੂੰ ਉਸ ਲੜ ਕੇ ਲਾਉਣਾ ਚਾਹੁੰਦੇ ਸਨ। ਮੈਨੂੰ ਇਸ ਵਿਸ਼ੇ ਤੇ ਪੁੱਛਿਆ ਗਿਆ, ਮੈ ਆਪਣੇ ਬਾਪੂ ਨੂੰ ਕੋਰਾ ਜਵਾਬ ਦੇ ਦਿੱਤਾ। ਉਹਨਾਂ ਬੜਾ ਜ਼ੋਰ ਲਾਇਆ, ਪਰ ਮੈਂ ਨਾਂਹ ਕਰ ਦਿੱਤੀ ਕਿਉਂਕਿ ਮੈਨੂੰ ਉਸ ਦੀਆਂ ਹਰਕਤਾਂ ਭੈੜੀਆਂ ਲੱਗਦੀਆਂ ਸਨ, ਅੰਤ ਉਹ ਮੇਰੇ ਨਾਲ ਬਹੁਤ ਗੁੱਸੇ ਹੋਏ ਤੇ ਕਹਿਣ ਲੱਗੇ ਕਿ ਸਾਡੇ ਲਈ ਅੱਜ ਤੋਂ ਤੂੰ, ਤੇ ਤੇਰੇ ਲਈ ਅਸੀਂ ਮਰ ਗਏ। ਮੈਂ ਦਿਲ ਤੇ ਪੱਥਰ ਰੱਖ ਲਿਆ।

ਫੇਰ ਘਰੋਂ ਬਾਹਰ ਨਿਕਲਦੀ ਪਿੰਡ ਦੇ ਮੁਸਟੰਡੇ ਮੇਰੇ ਵੱਲ ਅੱਖਾਂ ਫਾੜ-ਫਾੜ ਝਾਕਦੇ ਤੇ ਗੰਦੇ-ਗੰਦੇ ਰੀਮਾਰਕਸ ਪਾਸ ਕਰਦੇ, ਮੈਨੂੰ ਲੱਗਦਾ ਜਿਵੇਂ ਪਿੰਡ ਦੇ ਜਹਿਰੀਲੇ ਲਾਗਾਂ ਤੋਂ ਡਰ ਆਉਣ ਲੱਗਾ।

"ਇੱਕ ਰਾਤ ਦਾ ਮੁੱਲ" ਕਹਾਣੀ ਵਿਚ ਇਸ ਤਰ੍ਹਾਂ ਪੇਸ਼ ਕਰਦਾ ਹੈ:

ਹੁਣ ਉਹ ਅਚਾਨਕ ਆਪਣੇ ਬਾਪੂ ਦੇ ਖੂੰਘਰਾ ਸੁਣਕੇ ਤ੍ਰਭਕ ਕੇ ਉੱਠਦਾ ਹੈ। ਉਹ ਆਉਂਦਾ ਹੀ ਉਹਦੇ ਟੁੱਟਕੇ ਗਲ ਪੈ ਜਾਂਦਾ ਹੈ। "ਗੱਲ ਸੁਣ ਉਏ ਵੱਡਿਆ ਕਾਮਿਆ, ਤੈਥੋ ਘਰੇ ਦੱਸ ਕੇ ਨਹੀਂ ਤੀ ਆਇਆ ਜਾਂਦਾ..... ਮਰਗਿਆ ਸਾਰਾ ਟੱਬਰ ਤੈਨੂੰ ਉਡੀਕ ਉਡੀਕ ਕੇ.....।

"ਬਾਪੂ.....।"

"ਬਾਪੂ ਕੀ ਤੇਰੀ ਬੇਬੇ ਦਾ ਦਿਲ ਐਨਾ ਕਿਥਿਐ? ਉਹ ਘਬਰਾ ਗਈ ਕਿ ਹੁਣ ਤੱਕ ਕੱਖ ਪਾ ਕੇ ਕਿਉਂ ਨਹੀ ਆਇਆ, ਫੇਰ ਗਈ ਸੁਰਜਨ ਕੇ ਉਥੇ ਉਹਦੀ ਬਹੂ ਨੇ ਦੱਸਿਆ ਕਿ ਦੇਬੋ ਦਾ ਬਾਪੂ ਨੂੰ ਮਿਲਣ ਗਿਆ। ਐਂ ਤੇ ਤੂੰ ਐਂ...ਥੇ।

"ਬਾਪੂ ਤੈਨੂੰ ਤਾਂ ਪਤੈ ਪਾਣੀ.....।"

"ਉਹ ਤਾਂ ਠੀਕ ਐ ਭਲਿਆ ਮਾਣਸਾ... ਆਹ ਨੇਰ੍ਹੇ ਤੈਂ ਸਾਰੀ ਉਮਰ ਈ ਢੋਣੇ ਨੇ ਅੱਜ ਤਾਂ ਘਰ ਬੈਠ ਜਾਂਦਾ..... ਮੈਂ ਆਪੀ ਰਮਾ ਜਾਂਦਾ.... ਕਿਧਰੇ ਨੀ ਤੀ ਘਸਦਾ....।"

ਹੁਣ ਬੁੱਢਾ ਨਰਮ ਹੋ ਗਿਆ ਹੈ ਤੇ ਅੱਗੇ ਵੱਧਕੇ ਫੇਰ ਉਸਨੂੰ ਕਹਿੰਦਾ ਹੈ "ਜਾ ਭਾਜਾ ਘਰੇ ਲਿਆ ਮੈਨੂੰ ਫੜਾ ਕਹੀ, ਮੈ ਆਪੀ ਰਮਾ ਆਊ।"

ਹੁਣ ਉਸ ਨੂੰ ਦੂਜੇ ਕਿਆਰੇ ਦਾ ਨੱਕਾ ਵੱਡਣ ਦਾ ਖ਼ਿਆਲ ਆਉਂਦਾ ਹੈ। ਉਹ ਮਾਲ ਕੰਨੀ ਵਧਦਾ ਹੈ ਪਰ ਖਾਲ ਤਾਂ ਮਰਿਆ ਪਿਆ ਹੈ।

ਹੁਣ ਉਹ ਕਹੀ ਮੌਢੇ ਤੇ ਧਰਕੇ ਪਾਣੀ ਦੇ ਆਉਣ ਦੀ ਦਿਸ਼ਾ ਵੱਲ ਵੱਟੋ ਵੱਟ ਭਜ ਉਠਿਆ ਹੈ। ਕੱਸੀ ਸਰਦਾਰ ਦੀ ਕਣਕ ਵਿਚ ਪੈ ਰਹੀ ਹੈ। ਉਹ ਫਟਾ ਫਟ ਮਿੱਟੀ ਦੇ ਚੇਪੇ ਭਰਕੇ ਨੱਕੇ ਵਿਚ ਸੁੱਟਣ ਲੱਗ ਪੈਂਦਾ ਹੈ, ਪਰ ਉਹਦਾ ਦੂਜਾ ਚੇਪਾ ਡਿੱਗਣ ਤੋਂ ਪਹਿਲਾਂ ਹੀ ਪਾਈ ਮਿੱਟੀ ਦੀ ਪਹਿਲੇ ਚੇਪੇ ਨੂੰ ਰੋੜ ਕੇ ਲੈ ਜਾਂਦਾ ਹੈ। ਹੁਣ ਬੁੱਢਾ ਵੀ ਆ ਗਿਆ ਹੈ ਉਹ ਥੋੜਾ ਬੋੜਾ ਬੈ ਜੇ ਸਰਦਾਰੋ.... ਮੁੰਡਿਆ ਕੱਸੀ ਟੁੱਟੀ ਨਹੀਂ ਵੱਢੀ ਗਈ ਐ.... ਐਂ ਦੇਖ ਕਹੀ ਦੇ ਟੱਕ... ਐਂ ਨੀ ਨੱਕਾ ਮੁੰਦਿਆ ਜਾਣਾ ਜਾ ਭੱਜ ਕ। ਸਰਕੜੇ ਦੀ ਪੂਲੀ ਵੱਢ ਲਿਆ। ਬੁੱਢਾ ਆਪਣਾ ਤਜ਼ਰਬਾ ਦੱਸਦਾ ਹੈ।

ਮੁੰਡਾ ਸਰਕੜੇ ਦੀ ਪੁਲੀ ਵੱਢ ਕੇ ਲੈ ਆਇਆ ਹੈ। ਪੂਲੀ ਨੱਕੇ ਵਿਚ ਲਾ ਕ ਉਹਦੇ ਪਿੱਛੇ ਉਹ ਮਿੱਟੀ ਦੇ ਚੇਪੇ ਭਰ ਭਰ ਕੇ ਸਿੱਟਦਾ ਹੈ ਤੇ ਬੁੱਢਾ ਉਜਲਾਂ ਨਾਲ ਮਿੱਟੀ ਲਿਆ ਪਾ ਰਿਹਾ ਹੈ। ਪਰ ਪਾਣੀ ਦਾ ਵਹਾ ਸਣੇ ਸਰਕੜੇ ਮਿੱਟੀ ਵਹਾ ਕੇ ਲੈ ਜਾਂਦਾ ਹੈ। ਉਪਰੋਂ ਕੋਰਾ ਜੰਮ ਰਿਹਾ ਹ ਪਰ ਉਹ ਗਰਮੀ ਗਰਮੀ ਹੋ ਗਏ ਹਨ।

ਹੁਣ ਬੁੱਢਾ ਖੁਦ ਚੌੜਾ ਹੋ ਕੇ ਨੱਕੇ ਵਿਚ ਬੈਠ ਗਿਆ ਤੇ ਉਹਨੂੰ ਕਹਿੰਦਾ ਹੈ ਲਿਆ ਸੁੱਟ ਮੁੰਡਿਆ ਮੇਰੀ ਢੂਹੀ ਪਿੱਛੇ ਮਿੱਟੀ... ਦੇਖ ਕੁਝ ਪਾਣੀ ਖਾਲ ਕੰਨੀ ਤੁਰਿਆ ਹੈ ਕਿ ਨਹੀਂ.... ਉਹ ਦੇਖਦਾ ਹੈ ਸੱਚਮੁੱਚ ਖਾਲ ਚਲ ਪਿਆ ਹੈ। ਕੁਝ ਪਾਣੀ ਬੁੰਢੇ ਦੀਆਂ ਕੱਛਾਂ ਕੋਲ ਨਿਕਲ ਕੇ ਸਰਦਾਰਾਂ ਦੇ ਖੇਤ ਵਿਚ ਪੈ ਰਿਹਾ ਹੈ। ਉਸਨੂੰ ਲੱਗਦਾ ਹੈ ਜਿਵੇਂ ਉਹਦਾ ਸਰੀਰ ਦਾ ਖੂਨ ਸਿੰਮਕੇ ਸਰਦਾਰਾਂ ਦੇ ਖੇਤ ਵਿਚ ਪੈ ਰਿਹਾ ਹੈ।

"ਬਾਪੂ ਤੈਨੂੰ ਠੰਢ ਲੱਗ ਜਾਊ ਮੈਂ ਬੈਠਦਾ ਨੱਕੇ ਵਿਚ।" ਕਹਿੰਦਾ ਹੋਇਆ ਉਹ ਬਾਪ ਨੂੰ ਫੜ ਕੇ ਖੜ੍ਹਾ ਕਰਨ ਦੀ ਕੋਸ਼ਿਸ਼ ਕਰਦਾ ਹੈ, ਪਰ ਬੁੱਢੇ ਨੱਕੇ ਵਿਚ ਹੀ ਅੜਕੇ ਬੈਠ ਜਾਂਦਾ ਹੈ ਤੇ ਕਹਿੰਦਾ ਹੈ, "ਮੈਥੋਂ ਚੇਪੇ ਨੀ ਭਰ ਭਰ ਸਿੱਟੇ ਜਾਣੇ... ਤੂੰ ਮੁੰਦ ਨੱਕ।"

ਕੁਝ ਚਿਰ ਦੋਹੇ ਬਹਿਸ ਦੇ ਰਹਿੰਦੇ ਹਨ, ਪਰ ਅੰਤ ਬੁੱਢਾ ਜਿੱਤ ਜਾਂਦਾ ਹੈ। ਹੁਣ ਮੁੰਡਾ ਮਿੱਟੀ ਦੇ ਚੇਪੇ ਭਰ ਭਰ ਬੁੱਢੇ ਦੀ ਪਿੱਠ ਪਿਛੇ ਸੁੱਟੀ ਜਾ ਰਿਹਾ ਹੈ। ਬੁੱਢੇ ਦੇ ਦੰਦ ਵੱਜ ਰਹੇ ਹਨ। ਸਰੀਰ ਸੁੰਨ ਹੁੰਦਾ ਜਾ ਰਿਹਾ ਹੈ, ਪਰ ਉਹ ਮੂੰਹੋਂ ਕੁਸਕਦਾ ਤੱਕ ਨਹੀਂ ਕਿਉਂਕਿ ਉਸਦੀਆਂ ਅੱਖਾਂ ਅੱਗੇ ਉਹਦਾ ਭਵਿੱਖ ਘੁੰਮੀ ਜਾ ਰਿਹਾ ਹੈ।

ਨੱਕਾ ਬੰਦ ਕਰਕੇ ਉਹ ਉਹਨੂੰ ਬੁਲਾਉਂਦਾ ਹੈ। ਬੁੱਢਾ ਚੁੱਪ ਹੈ। ਉਸ ਨੂੰ ਬਾਹੋਂ ਫੜ ਕੇ ਉਠਾਉਂਦਾ ਹੈ, ਬੁੱਢਾ ਸਾਰੇ ਦਾ ਸਾਰਾ ਇਕ ਪਾਸੇ ਡਿੱਗ ਜਾਂਦਾ ਹੈ। ਉਹ ਬੁੱਢੇ ਨੂੰ ਝੰਜੋੜਦਾ ਹੈ, ਪਰ ਉਹ ਬੇਹੋਸ਼ ਹੋ ਗਿਆ ਹੈ।

"ਹੁਣ ਕੀ ਕਰਾਂ?" ਇਕ ਫਿਕਰਾਂ ਭਰਿਆ ਉਹਦੇ ਦਿਮਾਗ ਵਿੱਚ ਉਭਰ ਕੇ ਆਉਂਦਾ ਹੈ ਤੇ ਉਹ ਸਾਰੇ ਕਿਆਰਿਆ ਦੇ ਇਕੱਠੇ ਨੱਕੇ ਛੱਡ ਕੇ, ਬੁੱਢੇ ਨੂੰ ਮੋਢੇ ਤੇ ਚੁੱਕ ਕੇ ਪਿੰਡ ਨੂੰ ਹੋ ਤੁਰਦਾ ਹੈ।

ਆਹ ਫੜ ਸੁਰਜਨਾਂ ਆਪਣੀ ਰਕਮ... ਗਿਣ ਲੈ ਪੂਰੀ ਐ ਨਾ... ਐਤਕੀ ਤਾਂ ਬਹੁਤ ਵੱਟਤ ਹੋ ਗਈ ਐ.... ਆੜਤੀਆ ਉਹਦੇ ਮਾਲਕ ਨੂੰ ਕਹਿੰਦਾ ਹੈ, ਉਹਦੇ ਬੋਲ ਸੁਣ ਕੇ ਉਹਦੀ ਚੇਤਨਾ ਮੁੜਦੀ ਹੈ।

'ਇੱਟਾਂ ਦਾ ਰੰਗ' ਕਹਾਣੀ ਵਿਚ ਇਸ ਤਕਨੀਕ ਦੀ ਵਰਤੋਂ ਕਹਾਣੀਕਾਰ ਇਸ ਤਰ੍ਹਾਂ ਕਰਦਾ ਹੈ:

ਗੱਡੀਆ ਭਰਨੀਆ ਸ਼ੁਰੂ ਹੋ ਗਈਆਂ। ਉਹ ਗੱਡੀਆਂ ਵਾਲਿਆਂ ਨੂੰ ਆਪਣੇ ਘਰ ਦਾ ਪਤਾ ਦੱਸਕੇ, ਆਪ ਘਰ ਆ ਕ, ਬਿਜਲੀ ਦਾ ਪੱਖਾ ਫੁੱਲ ਸਪੀਡ ਤੇ ਛੱਡ ਕੇ, ਰਗਮੀ ਸਕਾਉਣ ਲੱਗ ਪਿਆ।

"ਖਰੀਦ ਆਏ ਇੱਟਾਂ? ਉਹਦੀ ਪਤਨੀ ਪੁੱਛਦੀ ਹੈ। ਹਾਂ ਕਹਿ ਕੇ ਉਹ ਅੱਖਾਂ ਬੰਦ ਕਰ ਲੈਂਦਾ ਹੈ। ਪੱਖੇ ਦੀ ਹਵਾ ਨਾਲ ਉਹਦੇ ਮਨ ਨੂੰ ਸ਼ਾਂਤੀ ਆਉਂਦੀ ਹੈ। ਉਹਦੀ ਗਰਮੀ ਤਾਂ ਸੁੱਕ ਗਈ ਪਰ ਭੱਠੇ ਵਿਚ ਗਰਮੀ ਗਰਮੀ ਹੋਇਆ ਪੰਜਾਹ ਸੱਠ ਸਾਲ ਦਾ ਗੱਡੀ ਜੁੜੇ ਬਲਦ ਦੀ ਤਰ੍ਹਾਂ ਪੰਜਾਹ ਪੰਜਾਹ ਇੱਟਾਂ ਦਾ ਭਰਿਆ ਹੋਇਆ ਰੇੜਾ ਖਿੱਚਦਾ ਬੁੱਢਾ ਅਠਾਂਰਾ-ਅਠਾਰਾਂ ਇੱਟਾ ਸਿਰ ਉੱਤੇ ਚੁੱਕ ਕੇ ਗਰਦ ਭਰੀ ਚੁੰਨੀ ਨਾਲ ਆਪਣਾ ਮੁੜਕਾ ਪੂੰਝਦੀ ਬੁੱਢੀ, ਕਦੇ ਭੱਠੇ ਵਿਚ ਕੋਲਾ ਪਾਉਂਦਾ ਹੋਇਆ ਆਪਣੀ ਬਾਂਹ ਮਚਾਈ ਫਿਰਦਾ ਬੁੱਢੇ ਦਾ ਮੁੰਡਾ ਅੱਖਾਂ ਅੱਗੇ ਵਾਰ ਵਾਰ ਆ ਰਹੇ ਹਨ। ਮੁੜ ਮੁੜ ਸੁਣਾਈ ਦੇ ਰਹੀ ਹੈ। ਉਹ ਖੁਬਸੂਰਤ ਕੁੜੀ ਦੀ ਆਵਾਜ਼, ਜਿਸਨੂੰ ਖੁਦ ਦੀ ਨਹੀਂ ਪਤਾ ਕਿ ਹਿੰਦੋਸਤਾਨ ਦੀ ਚੁਣੀ ਗਈ ਮਿਸ ਇੰਡੀਆ ਨਾਲੋਂ ਕਿਤੇ ਵੱਧ ਸੁੰਦਰ ਹੈ, ਜੀਜੀ ਦੁੱਧ ਫਟ ਗਿਆ ਹੈ ਤੇ ਨਾਲ ਹੀ ਬੁੱਢੀ ਦਾ ਉਤਰ ਕਾਲੀ ਲੈਆ... ਯਾਦ ਆਉਂਦਾ ਹੈ। ਫਿਰ ਉਸ ਦੀਆਂ ਅੱਖਾਂ ਅੱਗੇ ਇੱਟਾਂ ਤੇ ਬੁੱਢੀ ਦੇ ਪੈਰ ਵਿਚ ਨਿਕਲਿਆ ਗਾੜਾ ਖੂਨ ਦਾ ਇਕੋ ਰੰਗ ਯਾਦ ਆ ਜਾਂਦਾ ਹੈ। "ਸਰਦਾਰ ਜੀ ਇੱਟਾਂ ਕਿੱਥੇ ਲਾਹੀਏ... ਬਾਹਰ ਗੱਡੀਆਂ ਦੀ ਆਵਾਜ਼ ਨੇ ਉਸਦੀ ਸੋਚ ਨੂੰ ਝੰਜੋੜ ਦਿੱਤਾ ਹੈ।

"ਸੀਖਾਂ ਦੇ ਅੰਦਰ-ਸੀਖਾਂ ਦੇ ਬਾਹਰ" ਕਹਾਣੀ ਵਿਚ ਵਿਧੀ ਦੀ ਵਰਤੋਂ ਇਸ ਤਰ੍ਹਾਂ ਕੀਤੀ ਗਈ ਹੈ।

'ਮੋਘੇਦਾਰ ਤੋਂ ਵਕਤ ਪੁੱਛ ਕੇ, ਸਹੀ ਰਾਤ ਦੇ ਅੱਠ ਵਜੇ ਸੁੱਚਾ ਸਿੰਘ ਨੇ ਜਾ ਨੱਕਾ ਵੱਢਿਆ ਸੀ। ਜਿਉਂ ਜਿਉਂ ਪਾਣੀ ਧਰਤੀ ਦੀ

ਹਿੱਕ ਤੇ ਦੌੜਦਾ ਜਾ ਰਿਹਾ ਸੀ, ਧਰਤੀ ਨੂੰ ਤਾਂ ਸ਼ਾਇਦ ਪਾਣੀ ਮਿਲਣ ਕਰਕੇ ਘੱਟ ਸ਼ਾਂਤੀ ਮਿਲ ਰਹੀ ਸੀ ਪਰ ਸੁੱਚਾ ਸਿੰਘ ਦੇ ਕਾਲਜੇ ਨੂੰ ਜ਼ਰੂਰ ਠੰਢ ਪੈਂਦੀ ਜਾ ਰਹੀ ਸੀ। ਉਸਨੂੰ ਪਲ ਪਲ ਕਣਕ ਸਿਰ ਕਢ ਕੇ ਅਸਮਾਨ ਵੱਲ ਵਧਦੀ ਜਾ ਰਹੀ ਸੀ ਤੇ ਉਸ ਵੱਖ ਵੀ ਲਈ ਸੀ। ਦਾਣੇ ਕੱਢ ਕੇ ਮੰਡੀ ਵੇਚ ਵੀ ਆਇਆ ਸੀ। ਆਉਂਦਾ ਹੋਇਆ ਭਗਵਾਨੇ ਦੀ ਦੁਕਾਨ ਤੋਂ ਢਾਈ ਰੁਪਏ ਗਜ ਵਾਲੇ ਚੈੱਕਦਾਰ ਖੱਦਰ ਦਾ ਇਕ ਥਾਨ ਆਪਣੇ ਲਈ, ਬਾਪੂ ਲਈ ਤੇ ਮੁੰਡਿਆ ਲਈ ਖਰੀਦ ਕੇ ਲਿਆਇਆ ਸੀ। ਭੈਣ ਦਲੀਪੋ, ਕੁੜੀਆਂ ਤੇ ਜਲ ਕੌਰ ਲਈ ਉਸ ਨੇ ਬੇਬੇ ਨੂੰ ਪੈਸੇ ਦਿੱਤੇ ਸਨ ਤੇ ਕਹਿ ਦਿੱਤਾ ਸੀ ਕਿ ਜਾ ਕੇ ਆਪਣੀ ਪਸੰਦ ਦੇ ਕੱਪੜੇ ਖਰੀਦ ਲਿਆਉਣ ਤੇ ਵਿਚੋਲੇ ਨੂੰ ਦਿਨ ਕਢਾ ਕੇ, ਆਪ ਓਬਹਨੇ ਵਿਆਹ ਦਾ ਸੱਦਾ ਪੱਤਾ ਖ਼ਰੀਦਣ ਦੀਆਂ ਬਾਪੂ ਨਾਲ ਸਲਾਹਾ ਕਰਨ ਲੱਗ ਪਿਆ ਸੀ।

"ਉਏ ਸੁੱਚਿਆ... ਜੂਪੇ ਬਾਹਮਣ ਦੇ ਛੋਟੇ ਭਾਈ ਦਿਆਲੇ ਦੀ ਆਵਾਜ਼ ਨੇ ਉਸਨੂੰ ਸੁਪਨਿਆਂ ਦੀ ਦੁਨੀਆਂ ਵਿਚੋਂ ਕੱਢ ਲਿਆਂਦਾ ਸੀ।

"ਹੋ.... ਓ...., ਬੁੜਬੁੜਾਇਆ ਸੀ।

"ਤੈਨੂੰ ਪਾਣੀ ਵੱਢਣ ਨੂੰ ਕੀਹਨੇ ਕਿਹਾ ਸੀ? ਦਿਆਲਾ ਉਹਦੇ ਸਿਰ ਤੇ ਆ ਕੇ ਗਰਜਿਆ ਸੀ।

ਉਹਨੈ ਪਿੱਠ ਭੁਆ ਕੇ ਦੇਖਿਆ.... ਦਿਆਲੇ ਨੂੰ ਲਾਲ ਅੱਖਾਂ ਕਰੀ ਖੜ੍ਹਾ ਦੇਖ ਕੇ ਉਹ ਡਰ ਗਿਆ ਸੀ ਕਿਉਂਕਿ ਦਿਆਲੇ ਹੋਰੀ ਛੇ ਸਕੇ ਭਾਈ ਸਨ। ਛੇ ਦੇ ਛੇ ਹੀ ਡੰਡਿਆਂ ਵਰਗੇ ਗੱਭਰੂ....। ਜੂਪੇ ਤੋਂ ਸਿਵਾਏ ਸਾਰੇ ਦੇ ਸਾਰੇ ਆਦੀ ਛੜੇ ਨਾ ਰੰਨ ਨਾ ਕੰਨ... ਨਾ ਕਿਸੇ ਨੇ ਨੂੰਹ ਲਿਆਉਣੀ ਸੀ ਤੇ ਨਾ ਕਿਸੇ ਕੁੜੀ ਤੋਰਨੀ ਸੀ। ਰੋਟੀਆਂ ਖਾਣ ਤੱਕ ਮਤਲਬ ਸੀ.... ਜੇਲ੍ਹ ਦੀਆਂ ਹੋਣ ਜਾਂ ਘਰ ਦੀਆਂ ਸਗੋਂ ਜੇਲ੍ਹ ਦੀਆਂ ਰੋਟੀਆਂ ਨੂੰ ਵੂਹ ਪਹਿਲ ਦਿੰਦੇ ਸਨ.... ਵਿਹਲੇ ਬੈਠਿਆਂ ਨੂੰ ਜੇ ਮਿਲ ਜਾਂਦੀਆਂ ਹਨ। ਸਾਰੇ ਪਿੰਡ ਤੇ ਉਹਨਾ ਦੀ ਤੜੀ ਸੀ। ਧੱਕਾ ਕਰਨਾ ਉਹਨਾ ਦਾ ਜਨਮ ਸਿੱਧ ਦਾ ਅਧਿਕਾਰ ਸੀ ਪਰ ਫੇਰ ਉਸ ਨੇ ਦਿਲ ਤਕੜਾ ਕਰਕੇ ਕਿਹਾ ਸੀ, ਮੋਘੇਦਾਰ ਨੇ ਦੱਸਿਆ ਸੀ ਮੇਰੀ ਵਾਰੀ ਐ....।

> "ਤੇਰੀ ਵਾਰੀ ਕਿਥੋਂ ਆਈ ਐ?
> "ਜਿੱਥੋਂ ਅਸੀ ਛੱਡੀ ਸੀ ਉਥੋਂ?
> "ਜਿਥੋਂ ਅਸੀਂ ਛੱਡੀ ਸੀ ਫੇਰ ਉਥੋਂ ਈ ਚਾਲੂ ਹੋਣੀ ਚਾਹੀਦੀ ਹੈ।
> ਇਹ ਕਿਵੇਂ ਹੋ ਸਕਦਾ, ਜਦੋਂ ਤੁਸੀ ਆਪਣੀ ਵਾਰੀ ਲਾ ਹਟੇ ਓ, ਫੇਰ ਦੂਹਰੀ ਵਾਰ ਥੋਡਾ ਕੀ ਹੱਕ?
>
> "ਆਹੋ ਸਾਡਾ ਹੈ ਤਾਂ ਹੈ ਈ।
> "ਭਾਈ ਬੰਦੀ ਨਾਲ ਛਡਦੈ 'ਕ ਨਹੀਂ?
> ਜਦ ਤੁਸੀ ਵਾਰੀ ਲੈ ਲਈ ਐ ਫੇਰ ਦੂਹਰੀ ਵਾਰੀ ਧੱਕਾ ਕਿਉਂ ਕਰਦੇ ਓ।
> "ਅਸੀ ਆਪਣੀ ਵਾਰੀ ਲੈਨਿਆਂ ਏਸ ਵਿਚ ਧੱਕਾ ਕਿਹੜਾ ਹੋਇਆ

"ਦੂਹਰੀ ਵਾਰੀ ਪਾਣੀ ਵੱਢਣਾ ਧੱਕਾ ਨਹੀਂ ਤਾਂ ਹੋਰ ਕੀ ਐ?

"ਚੰਗਾ ਜੇ ਧੱਕਾ ਤਾਂ ਧੱਕਾ ਹੀ ਸਹੀ... ਆ ਲੈ ਰੋਕ ਲੈ? ਕਹਿੰਦਿਆ ਹੰਕਾਰੇ ਹੋਏ ਦਿਆਲੇ ਨੇ ਵਟ ਕੇ ਪਹਿਲਾਂ ਟੱਕ ਮਾਰ ਦਿੱਤਾ ਸੁੱਚਾ ਸਿੰਘ ਦੇ ਰੋਕਦਿਆਂ ਰੋਕਦਿਆਂ ਫੇਰ ਦੂਜਾ ਤੀਜਾ ਟੱਕ ਇਕੋ ਸਾਹੇ ਮਾਰ ਦਿੱਤੇ ਜਿਸ ਨਾਲ ਪਾਣੀ ਦੇਖ ਕੇ ਸੁੱਚਾ ਸਿੰਘ ਦੇ ਪੈਰਾਂ ਦੇ ਨੌਹਾਂ ਤੋਂ ਚੜਕੇ ਸਾਰੇ ਦਾ ਸਾਰਾ ਖ਼ੂਲ ਇਕ ਦਮ ਦਿਮਾਗ ਵਿਚ ਪਹੁੰਚ ਗਿਆ ਸੀ ਉਸ ਦੇ ਦਿਮਾਗ ਵਿਚਲਾ ਘੜੀ ਪਹਿਲਾਂ ਉਸਰਿਆ ਮਹਿਲ ਖੇਰੂ-ਖੇਰੂ ਹੋ ਗਿਆ ਸੀ। ਉਸ ਦੇ ਸਰੀਰ ਦੀਆਂ ਰਗਾਂ ਕਸੀਆਂ ਹੋਈਆਂ ਸਨ ਤੇ ਉਸ ਨੇ ਕਹੀ ਪੂਰੇ ਜ਼ੋਰ ਨਾਲ ਸਿਰ ਤੋਂ ਉਤਾਂਹ ਚੁੱਕੀ ਸੀ। ਦਿਆਲੇ ਨੇ ਬਚਾਅ ਲਈ ਪਿਛੇ ਹਟਣਾ ਚਾਇਆ ਪਰ ਉਸ ਦੀ ਅੱਡੀ ਚੂਹੇ ਦੀ ਖੱਡ ਵਿਚ ਧੱਸ ਗਈ ਸੀ। ਜਿਸ ਕਰਕੇ ਉਹ ਢੂਹੀ ਭਾਰ ਡਿੱਗ ਪਿਆ ਸੀ। ਉਸ ਦੇ ਹੱਥੋਂ ਕਹੀ ਛੁਟਕੇ ਪਰੇ ਜਾ ਡਿਗੀ ਸੀ। ਫੇਰ ਉਸ ਨੇ ਫਟਾ ਫਟ ਉਠਣ ਦੀ ਕੋਸ਼ਿਸ਼ ਕੀਤੀ ਸੀ ਪਰ ਜਦੋਂ ਹੀ ਸੁੱਖਾ ਸਿੰਘ ਦੀ ਕਹੀ ਉਸਦੇ ਕਪਾਲ ਵਿਖ ਪੀਨ ਤੱਕ ਧਸ ਗਈ ਜਿਸ ਕਬਕੇ ਉਹਦਾ ਚੀਕ ਮਾਰਨ ਲਈ ਮੂੰਹ ਅੱਡੇ ਦਾ ਅੱਡਿਆ ਹੀ ਰਹਿ ਗਿਆ ਤੇ ਚੀਕ ਸੰਘ ਤੱਕ ਕਿਤੇ ਕਾਂ ਕੋਲ ਹੀ ਫਸ ਕੇ ਰਹਿ ਗਈ ਸੀ। ਦਿਆਲੇ ਦੇ ਸਿਰ ਵਿਚੋਂ ਕਹੀ ਖਿੱਚਣ ਵੇਲੇ। "ਉਹ ਮੈਂ ਕੀ ਕਰ ਬੈਠਿਆ ਸੁੱਚਾ ਸਿੰਘ ਬੁੜਬੁੜਾਇਆ ਸੀ।

"ਕਿਹੜੇ ਵਹਿਣਾਂ ਵਿਚ ਵਹਿ ਗਿਐ ਸੁੱਚਿਐ....? ਨੰਬਰਦਾਰ ਜ਼ੋਰਾ ਸਿੰਘ ਨੇ ਲੰਗਰ ਮੂਹਰ ਦੀ ਲੰਘਦੇ ਹੋਏ, ਉਸਨੂੰ ਲੱਗਿਆ ਜਿਵੇਂ ਉਹ ਚੋਰੀ ਕਰਦਾ ਪਾੜ੍ਹ ਤੇ ਹੀ ਫੜਿਆ ਗਿਆ ਹੋਵੇ ਪਰ ਫੇਰ ਉਹਨੇ ਸਹਿਜ ਹੁੰਦਿਆਂ ਕਿਹਾ ਆਜੂਗੀ, ਘਰ ਦੇ ਕੰਮ ਕਰਦੀ ਨੂੰ ਕਵੇਲਾ ਹੋ ਗਿਆ ਹੋਣੈ।"

**ਕ. ਵਾਰਤਾਲਾਪ ਦੁਆਰਾ ਪਾਤਰ ਉਸਾਰੀ:**

**"ਗਲਤੀ"** ਕਹਾਣੀ ਵਿਚ ਇਸ ਤਕਨੀਕ ਦੀ ਵਰਤੋਂ ਕਹਾਣੀਕਾਰ ਇਸ ਤਰ੍ਹਾਂ ਕਰਦਾ ਹੈ। ਉਹ ਆਪਣੀ ਬੋਲੀ ਵਿਚ ਸਰਦਾਰ ਨੂੰ ਕਹਿੰਦਾ ਹੈ, ਚਾਚਾ ਪਟਿਆਲੇ ਦਰਵਾਜ਼ੇ ਕੋਲ ਇਕ ਆਦਮੀ ਆਇਆ ਹੈ। ਬੜੀ ਮਾਲਦਾਰ ਸਾਮੀ ਜਾਪਦੈ। ਆਉਦੈ ਨੇ ਹੀ ਬੈਠਕ ਦੀਆਂ ਤਾਕੀਆਂ ਅਤੇ ਦਰਵਾਜ਼ਿਆਂ ਵਿੱਚ ਪਰਦੇ ਲਟਕਾ ਦਿੱਤੇ ਹਨ। ਬੂਹੇ ਦੇ ਨਾਲ ਹੀ ਆਪਣੇ ਨਾਂ ਦੀ ਤਖ਼ਤੀ ਲਗਾ ਦਿੱਤੀ ਹੈ ਮੈਂ ਉਸਨੂੰ ਜਦੋਂ ਵੀ ਦੇਖਿਐ ਉਹਦਾ ਕੀਮਤੀ ਸੂਟ ਬਦਲਿਆ ਹੋਇਆ ਹੁੰਦਾ ਹੈ। ਪਤਲੂਣ ਦੀ ਜੇਬ ਵਿਚ ਜ਼ੰਜ਼ੀਰ ਨਾਲ ਚਾਬੀਆਂ ਦਾ ਵੱਡਾ ਸਾਰਾ ਗੁੱਛਾ ਪੇਟੀ ਨਾਲ ਬੰਨ ਕੇ ਸੁਟਿਆ ਹੋਇਆ ਹੈ, ਜਿਸ ਨੂੰ ਉਹ ਵਾਰ ਵਾਰ ਜੇਬ 'ਚੋਂ ਕੱਢ ਕੇ ਦੇਖਦਾ ਰਹਿੰਦਾ ਹੈ।

**ਹੈਰਨੀ ਜੇਮਜ਼ ਲਿਖਦਾ ਹੈ**

"ਪਾਤਰ ਘਟਨਾ ਨੂੰ ਨਿਰਧਾਰਿਤ ਕਰਦਾ ਹੈ, ਬਦਲੇ ਵਿਚ ਘਟਨਾ ਪਾਤਰ ਦੀ ਵਿਆਖਿਆ ਕਰਦੀ ਹੈ।"

"ਫਾਇਰ ਫੋਕਾ ਹੀ ਹੋਇਆ ਲੱਗਦਾ ਹੈ। ਸਰਦਾਰ ਉਹਨਾਂ ਢਿੱਲੇ ਬੁੱਲ੍ਹ ਦੇਖਕੇ ਬੁੜਬੁੜਾਉਣ ਹੈ ਤੇ ਫੇਰ ਨਾਲ ਹੀ ਸਵਾਲ ਕਰ ਦਿੰਦਾ ਹੈ। ਕਿਉਂ ਮੇਰੇ ਸ਼ੇਰੋ?

ਪਰ ਉਹ ਨਿਰਉਤਰ ਖੜੇ ਹਨ।

"ਕੁਝ ਗਿਆਏ ਕਿ ਨਹੀਂ? ਉਹ ਫੇਰ ਕਾਹਲੀ ਨਾਲ ਪੁੱਛਦਾ ਹੈ। ਲਿਆਉਂਦੇ ਤਾਂ ਜੇ ਅੰਦਰ ਕੁਝ ਕੀਮਤੀ ਹੁੰਦਾ ਉਹ ਦੋਵੇਂ ਇਕੱਠੇ ਹੀ ਬੋਲ ਉਠਦੇ ਹਨ।

"ਤਾਂ ਫੇਰ ਉਹ ਜ਼ਰੂਰ ਕਿਸੇ ਬਾਬੂ ਦਾ ਘਰ ਹੋਵੇਗਾ। ਤੈਂ ਪਹਿਲਾਂ

ਪਤਾ ਕੀਤਾ ਸੀ? ਸਰਦਾਰ ਖ਼ਬਰ ਲਿਆਉਣ ਵਾਲੇ ਨੂੰ ਸੰਬੋਧਨ ਕਰਕੇ ਪੁੱਛਦਾ ਹੈ।
"ਨਹੀਂ....। ਮੈਂ ਤਾਂ ਉਹਦੇ ਕੱਪੜੇ ਹੀ ਦੇਖ ਕੇ.... ਤੇ ਉਹਨੇ ਗੁਨਾਹਗਾਰ ਦੀ ਤਰ੍ਹਾਂ ਸਿਰ ਝੁਕਾ ਲਿਆ ਹੈ।
"ਨਮੂਨੇ ਦੇ ਲੋਕ" ਕਹਾਣੀ ਵਿਚ ਇਸ ਵਿਧੀ ਦੀ ਵਰਤੋਂ ਇਸ ਤਰ੍ਹਾਂ ਕੀਤੀ ਹੈ ਕਿ ਇਕ ਅੰਗਰੇਜੀ ਦੀ ਲੈਕਚਰਾਰ ਜੋ ਨਵੀਂ ਨਵੀਂ ਬਦਲ ਕੇ ਏਥੇ ਆਈ ਸੀ, ਜਦੋਂ ਵੀ ਉਸ ਦੀ ਕੋਈ ਘੰਟੀ ਵਿਹਲੀ ਹੁੰਦੀ ਉਹ ਲਾਈਬ੍ਰੇਰੀ ਵਿਚ ਆਉਂਦੀ ਤੇ ਕੁਝ ਨਾ ਕੁਝ ਪੜਦੀ ਰਹਿੰਦੀ ਸੀ। ਸ਼ਾਇਦ ਉਦ ਕਦੇ-ਕਦੇ ਸਟਾਫ਼ ਰੂਮ ਵਿਚ ਜਾਂਦੀ ਸੀ। ਉਸ ਦੇ ਸਟਾਫ਼ ਰੂਮ ਵਿਚ ਨਾ ਜਾਣ ਦਾ ਸਟਾਫ਼ ਦੇ ਇਕ ਦੋਂ ਮੈਂਬਰਾਂ ਨੂੰ ਬੜਾ ਲਾਭ ਹੁੰਦਾ ਸੀ, ਕਿਉਂਕਿ ਜੇ ਉਹ ਉਹਨਾਂ ਨਾਲ ਗੱਲ ਨਹੀਂ ਕਰਦੀ ਸੀ ਤਾਂ ਘੱਟੋਂ ਘੱਟ ਉਸ ਦੀ ਗੈਰ ਹਾਜ਼ਰੀ ਵਿੱਚ ਬੈਠ ਕੇ ਉਹ ਉਸਦੀ ਪ੍ਰਸੰਸਾ ਤਾ ਦਿਲ ਖ੍ਹੋਲ ਕੇ ਕਰ ਲੈਂਦੇ ਸਨ।
ਪ੍ਰੋ: ਪਰਵਾਨਾ ਹਾਰੇ ਹੋਏ ਖਿਲਾੜੀ ਵਾਂਗ ਹਉਕਾ ਭਰ ਕੇ ਕਹਿੰਦਾ, ਉਹ ਯਾਰ ਬੜੀ ਦੁਨੀਆ ਦੇਖੀ ਐ, ਪਰ ਅਜਿਹੀ ਜਨਾਨੀ ਕਦੇ ਨਹੀਂ ਵੇਖੀ, ਪੂਰੀ ਨਖ਼ਰਿਆਂ ਦੀ ਜੜ੍ਹ ਹੈ। ਮੇਰੇ ਸਾਹਮਣੇ ਆ ਕੇ ਕਿਸੇ ਕੁੜੀ ਦੀ ਹਿੰਮਤ ਨਹੀਂ ਰਹਿੰਦੀ ਕਿ ਉਹ ਹਥਿਆਰ ਨਾ ਸੁੱਟ ਦੇਵੇ। ਪਰ ਇਹਨੇ ਤਾਂ ਇਕ ਵਾਰ ਵੀ ਅੱਖਾਂ ਉਤਾਂਹ ਉਠਾਕੇ ਮੇਰੇ ਵੱਲ ਨਹੀਂ ਵੇਖਿਆ। ਬੱਸ ਇਕ ਗੱਲ ਜਾਣਦੀ ਹੈ, ਪੜ੍ਹਾਉਣਾ ਜਾਂ ਲਾਈਬਰੇਰੀ ਵਿਚ ਬੈਠ ਕੇ ਪੜ੍ਹਨਾ।"
ਫੇਰ ਪ੍ਰੋ: ਜੈ ਰਾਮ ਆਪਣੇ ਚਸ਼ਮੇ ਠੀਕ ਕਰਕੇ ਵੱਖਰੀ ਅਦਾ ਨਾਲ ਆਖਦਾ, ਜੀ ਹਮਾਰੇ ਸਾਥ ਬਾਤ ਕਰਨੇ ਕੇ ਲੀਏ ਤੋ ਉਸ ਤੇ ਪਾਸ ਟਾਇਮ ਹੀ ਨਹੀਂ ਹੈ। ਕੱਲ੍ਹ ਮੈਨੇ ਜਬ ਚਾਏ ਮੰਗਾਈ ਤੋ ਉਸੇ ਭੀ ਬੁਲਾਵਾ ਲੀ ਆ ਤੋ ਸੋਚਾ ਇਸੀ ਬਹਾਨੇ ਬਾਤ ਚਲ ਪੜੇਗੀ। ਬਟ ਸ਼ੀ ਰਫੀਊਜ਼ਡ...। ਬਤਾਉ, ਮੁਫਤ ਕੀ ਤੋ ਕਾਜੀ ਭੀ ਨਹੀਂ ਛੋੜਤਾ ਮਗਰ ਵੋ....।"
"ਬੇ ਅਕਲ ਐ। ਸੁਸਾਇਟੀ ਅਟੈਂਡ ਕਰਨ ਦੇ ਮੈਨਰਜ਼ ਤਾਂ ਉਹ ਉੱਕਾ ਹੀ ਨਹੀਂ ਜਾਣਦੀ, ਪ੍ਰਵਾਨਾ ਕੁਝ ਗੁੱਸੇ ਨਾਲ ਕਹਿੰਦਾ।

### ਚ. ਫੈਂਟਸੀ ਵਿਧੀ ਦੀ ਵਰਤੋਂ

**"ਜ਼ਬਰ ਵਿਰੋ ਏਕਤਾ"** ਕਹਾਣੀ ਵਿਚ ਇਸ ਵਿਧੀ ਵਰਤੋਂ ਇਸ ਤਰ੍ਹਾਂ ਕਰਦਾ ਹੈ:
ਤੇ ਉਸ ਦਿਨ ਤੋਂ ਹੀ ਦਰੱਖਤਾਂ ਦੀਆਂ ਸੁੱਕੀਆਂ ਟਾਹਣੀਆਂ ਉੱਤੇ ਬੈਠ ਕੇ ਬੇਘਰ ਪੰਛੀ ਜ਼ੋ ਮੀਹ ਹਨੇਰੀ ਗਰਮੀ ਸਰਦੀ, ਦਰਖਤਾਂ ਤੇ ਬੈਠੇ ਹੀ ਲੰਘਾ ਦਿੰਦੇ ਹਨ, ਮੈਨੂੰ ਇਨਾਂ ਦੇ ਭਾਈਵਾਲ ਜਾਪਣ ਲੱਗ ਪਏ ਹਨ।
ਅੱਜ ਮੈ਼ ਬਾਗ ਦੀ ਸੈਰ ਕਰ ਰਿਹਾ ਸਾਂ। ਇਕ ਦਰਖ਼ਤ ਤੇ ਕਾਫੀ ਜਾਨਵਰ ਸ਼ੋਰ ਪਾਉਂਦੇ ਸੁਣਾਈ ਦਿੱਤੇ। ਸ਼ੋਰ ਵਾਰਲਾਪਮਈ ਜਾਪਦਾ ਸੀ। ਮੈਂ ਉਸ ਦਰਖ਼ਤ ਹੇਠਾਂ ਚਲਿਆ ਗਿਆ, ਜਿਥੇ ਪੰਛੀ ਸ਼ੋਰ ਮਚਾ ਰਹੇ ਸੀ। ਦਰਖ਼ਤ ਦੀ ਇਕ ਟਹਿਣੀ ਤੇ ਇਕ ਮੈਲਾ ਜਿਹਾ ਤੋਤਾ ਬੈਠਾ ਸੀ। ਮੈਂ ਝੱਟ ਉਸਨੂੰ ਪਹਿਚਾਣ ਲਿਆ। ਉਹ ਸਾਡੇ ਗੁਆਢੀਆਂ ਦਾ ਮੀਆਂ ਮਿਠੂ ਸੀ।
"ਮੀਆਂ ਮਿਠੂ ਇਹ ਜਾਨਵਰ ਕਿਉ ਰੌਲਾ ਪਾ ਰਹੇ ਹਨ? ਮੈਂ ਪੁੱਛਿਆ।
"ਮੇਰੇ ਸਾਥੀ ਨੇ ਬੜੀ ਮਿਹਨਤ ਨਾਲ ਦਰਖ਼ਤ ਟੁੱਕ ਟੁੱਕ ਕੇ ਖੁਡ ਬਣਾਈ ਸੀ। ਅੱਜ ਸਵੇਰ ਤੋਂ ਹੀ ਸੱਪ ਉਸ ਤੇ ਕਬਜਫ ਕਰੀ ਬੈਠਾ ਹੈ ਤੇ ਉਸਦੇ ਬੱਚਿਆ ਦਾ ਲਹੂ ਪੀ ਚੁੱਕਿਆ ਹੈ। ਮਿੱਠੂ ਨੇ ਉੱਤਰ ਦਿੱਤਾ।
ਫੇਰ ਉਹ ਸਾਰੇ ਇਕੋ ਟਾਹਣੀ ਤੇ ਬੈਠ ਗਏ। ਮੈਂ ਦੇਖਦਾ ਰਿਹਾ। ਹੁਣ ਇਹ ਕੀ ਕਰ ਰਹੇ ਹਨ ਮਿੱਠੂ?
"ਉਸਨੂੰ ਖ਼ਤਮ ਕਰਨ ਦੀ ਵਿਉਂਤ ਬਣਾ ਰਹੇ ਹਨ।
ਕੁਝ ਚਿਰ ਮਗਰੋਂ ਇਕ ਗਲਹਿਰੀ, ਨੱਚਦੀ ਟੱਪਦੀ ਆ ਕੇ ਉਹਨਾ ਦੇ ਵਿਚਕਾਰ ਇੰਝ ਆ ਬੈਠੀ ਜਿਵੇਂ ਉਹ ਉਹਨਾਂ ਜਾਨਵਰਾਂ ਦੀ ਪ੍ਰਧਾਨ ਮੰਤਰੀ ਹੋਵੇ ਤੇ ਉਹ ਉਹਨਾਂ ਨੂੰ ਕੁਝ ਸਮਝਾ ਕੇ ਖੁਡ ਦੇ ਬੂਹੇ ਅੱਗੇ ਖੜੋਕੇ ਫਿਰ ਗਲਹਿਰੀ ਦਰਖ਼ਤ ਤੋਂ ਹੇਠਾ ਉਤਰ ਗਈ ਤੇ ਉਸ ਦੇ ਪਿੱਛੇ ਪਿੱਛੇ ਸੱਪ ਵੀ ਇੰਨੇ ਵਿਚ ਇਕ ਮੋਰ ਦਰਖ਼ਤ ਤੋਂ ਉਲ ਕੇ ਝਪਟਿਆ ਤੇ ਉਸ ਨੂੰ ਪੰਜੇ ਵਿਚ ਫ਼ਸਾ ਕੇ ਉਖ਼ੱਡ ਗਿਆ।
ਜਾਨਵਰ ਰੋਲਾ ਪਾਉਣ ਲੱਗ ਪਏ ਹਨ, ਮੈਨੂੰ ਮਹਿਸੂਸ ਹੁੰਦਾ ਹੈ ਜਿਵੇਂ ਉਹ ਜ਼ੁਲਮ ਦੇ ਅੰਤ ਤੇ ਹੱਸ ਰਹੇ ਹੋਣ।
"ਰੇਡਿਓ ਚੁੱਪ ਹੈ" ਕਹਾਣੀ ਵਿਚ ਇਸ ਵਿਧੀ ਦੀ ਵਰਤੋਂ ਕਹਾਣੀਕਾਰ ਇਸ ਤਰ੍ਹਾਂ ਕਰਦਾ ਹੈ ਬਾਰਾਂ ਵੱਜ ਗਏ ਹਨ। ਪੰਡਤ ਸਿਰ ਝਟਕਦਾ ਹੈ। ਰੇਡਿਓ ਬੋਲ ਰਿਹਾ ਹੈ। ਗੀਤ ਦੇ ਬੋਲ ਸੁਣਾਈ ਦਿੰਦੇ ਹਨ, "ਬਾਬਲ ਵੇ ਅਸਾਂ ਉਡ ਜਾਣਾ... ਪਰ ਚਿੱੜੀ ਤਾਂ ਸ਼ਿਕਾਰੀ ਦੇ ਛਬਕੇ ਥੱਲੇ ਆ ਚੁੱਕੀ ਹੈ। ਉਸਦੇ ਛਬਕਾ ਦਵਾਉਣ ਦੀ ਦੇਰ ਹੈ। ਪੰਡਤ ਸਮੇਂ ਦੀ ਸਥਿਤੀ ਨੂੰ ਭਾਂਪਦਾ ਹੋਇਆ ਤਾੜੀ ਮਾਰ ਦਿੰਦਾ ਹੈ। ਚਿੱੜੀ ਖੜਕਾ ਸੁਣ ਕੇ ਉਡ ਜਾਂਦੀ ਹੈ। ਸ਼ਿਕਾਰੀ ਨੂੰ ਗੁੱਸਾ ਚੜ ਜਾਂਦਾ ਹੈ। ਉਹਦੇ ਜੀਅ ਵਿਚ ਆਉਂਦਾ ਹੈ ਕਿ ਪੰਡਤ ਦਾ ਸਿਰ ਖ਼ਰਬੂਜੇ ਦੀ ਤਰ੍ਹਾਂ ਭੰਨ ਕਦੇਵੇ ਪਰ ਸ਼ਿਕਾਰੀ ਇਸ ਗੱਲੋ ਵੀ ਡਰਦਾ ਹੈ ਕਿ ਬਾਗ ਵਿਚ ਸ਼ਿਕਾਰ ਖੇਡਣਾ ਵਰਜਿਤ ਹੈ।
ਚਿੱੜੀ ਦੇ ਉੱਡ ਜਾਣ ਤੇ ਤਮਾਸ਼ਬੀਨਾਂ ਨੇ ਗੱਲ ਚੁੱਕ ਲਈ ਹੈ। ਕੋਈ ਸ਼ਿਕਾਰੀ ਦੇ ਘਟੀਆਂ ਸ਼ਿਕਾਰੀ ਹੋਣ ਦਾ ਦੋਸ਼ ਲਾ ਰਿਹਾ ਹੈ। ਕੋਈ ਚਿੱੜੀ ਦੀ ਚੁਸਤੀ ਦੀ ਤਾਰੀਫ ਕਰ ਰਿਹੈ। ਬਹਿਸ ਦਾ ਪਿੜ੍ਹ ਖੁਲ੍ਹ ਜਾਂਦਾ ਹੈ।

> "ਸ਼ਿਕਾਰੀ ਤਾਂ ਪੰਡਤ ਵੀ ਤਕੜੈ।
> "ਹਾਂ ਮਸ਼ਲਕੇ ਰੱਖ ਦਊ... ਉਹਦੇ ਹੱਥ ਬੜੇ ਭੈੜੇ ਨੇ।
> "ਨਹੀਂ ਪੰਡਤ ਅਜਿਹਾ ਬੰਦਾ ਨਹੀਂ।
> "ਹੋਰ"?
> "ਪੰਡਤ ਵੀ ਮੂਰਖਾ ਕਦੇ ਸ਼ਿਕਾਰੀ ਹੁੰਦੇ ਨੇ....?
> "ਪਰ ਉਹ ਅਜਿਹਾ ਨਹੀਂ, ਉਹ ਉਸਨੂੰ ਪੜ੍ਹਾ ਰਿਹੈ,
> "ਪੜ੍ਹਾ ਰਿਹੈ?
> "ਹਾਂ"।
> "ਪੜ੍ਹਾ ਕੇ ਕੀ ਕਰੂ?
> "ਲੋਕਾਂ ਦਾ ਭਵਿਸ਼ ਦੱਸਿਆ ਕਰੂਗੀ।
> "ਹੋਰ
> "ਉਹ ਤਾਂ ਕਹਿੰਦੈ ਮੈਂ ਇਸ ਚਿੱੜੀ ਨੂੰ ਬਾਜਾਂ ਨਾਲ ਟੱਕਰ ਲੈਣ ਲਾ ਦਿਆਂਗਾ।
> "ਫੇਰ ਤਾਂ ਉਹ ਬਹੁਤ ਖਤਰਨਾਕ ਹੈ,
> "ਆਪੋ ਆਪਣੀ ਸਮਝ ਐ,

ਛੱਡ ਇਹ ਗੱਲ, ਦੂਸਰੇ ਪਾਸੇ ਇਕ ਚਿੱੜੀ ਆਈ ਐ।
ਉਹ ਕੀ ਚਿੱੜੀ ਐ?
"ਹੋਰ ਕੀ ਹੈ?
"ਉਹ ਤਾਂ ਮੁਰਗੀ ਐ।
"ਮੁਰਗੀ ਕਿਹੜਾ ਮਾੜੀ ਚੀਜ਼ ਹੁੰਦੀ ਐ... ਆ.. ਹਾ..
ਆ ਗਈ ਦਾ ਮਾਸ.... ਬੱਸ ਗੱਲ ਹੀ ਛੱਡ।
"ਇਕ ਗੱਲ ਹੋਰ ਐ।
"ਕੀ?"
"ਮੁਰਗੀ ਸੋਨੇ ਦੇ ਅੰਡੇ ਵੀ ਤਾ ਦੇ ਸਕਦੀ ਐ
"ਹਾਂ ਇਹ ਵੀ ਠੀਕ ਐ.... ਪਹਿਲਾਂ ਅੰਡੇ ਖਾਉ ਫੇਰ ਮਾਸ
"ਚੁਪ....।
ਕਿਉ?
"ਚਿੱੜੀ ਆ ਰਹੀ ਹੈ।"

ਸ਼ਿਕਾਰੀ ਜ਼ੁਬਾਨਾ ਰੁਕ ਜਾਂਦੀਆਂ ਹਨ। ਉਹ ਆਪੋ ਆਪਣੇ ਹਥਿਆਰ ਸੰਭਾਲ ਲੈਂਦੇ ਹਨ। ਕੋਈ ਦਾਣੇ ਪਾ ਰਿਹਾ ਹੈ। ਕੋਈ ਫਸਲਾ ਲਾਉਂਦਾ ਹੈ ਤੇ ਕੋਈ ਧੰਦਲ ਪਰ ਚਿੱੜੀ ਅਗੇ ਹੀ ਲੰਘ ਜਾਂਦੀ ਹੈ। ਫੇਰ ਸ਼ਿਕਾਰੀ ਦੀ ਆਵਾਜ਼ ਆਉਂਦੀ ਹੈ ਇਸ ਦੇ ਪਰ ਲਗਦੇ ਜਾ ਰਹੇ ਨੇ, ਆ ਜਾਣ ਦੇ ਮੇਰੇ ਛਬਕੇ ਵਿਚ
ਇਕ ਇਕ ਕਰਕੇ ਸਾਰੇ ਦਾਣੇ ਪਰਾਂ ਵਿਚ ਕੱਢ ਲਉਂ ਜਿਹੜੇ ਮੇਰੇ ਇਹਨੇ ਖਾਧੇ ਨੇ।
ਤੂੰ ਕੀ ਕੱਢੇਗਾ, ਉਹ ਤਾ ਔਹ ਜਾ ਬੈਠੀ"
"ਕੋਈ ਨਾ ਕਿੰਨਾ ਕੁ ਚਿਰ ਭੁੱਖੀ ਏਧਰ ਉਧਰ ਫਿਰਦੀ ਰਹੂ, ਆਖਰ ਨੂੰ ਏਥੇ ਹੀ ਆਵੇਗੀ ਦਾਣੇ ਖਾਣ ਦੀ ਜੋ ਆਦਤ ਪੈ ਗਈ ਐ।"

**ਹਵਾਲੇ ਅਤੇ ਟਿੱਪਣੀਆਂ**


1. ਅਣਗੌਲੇ ਆਦਮੀ ਪੰਨਾ ਨ: 14
2. ਉਹੀ ਪੰਨਾ ਨੰ: 24
3. ਉਹੀ ਪੰਨਾ ਨੰ: 50
4. ਉਹੀ ਪੰਨਾ ਨੰ: 59
5. ਉਹੀ ਪੰਨਾ ਨੰ: 64
6. ਉਹੀ ਪੰਨਾ ਨੰ: 71
7. ਕੱਚੇ ਕੋਠਿਆਂ ਦੇ ਵਾਸੀ ਪੰਨਾ ਨੰ: 20
8. ਉਹੀ ਪੰਨਾ ਨੰ: 35
9. ਉਹੀ ਪੰਨਾ ਨੰ: 52
10. ਉਹੀ ਪੰਨਾ ਨੰ: 76
11. ਉਹੀ ਪੰਨਾ ਨੰ: 103
12. ਉਹੀ ਪੰਨਾ ਨੰ: 5
13. ਅਣਗੌਲੇ ਆਦਮੀ ਪੰਨਾ ਨੰ: 43
14. ਉਹੀ ਪੰਨਾ ਨੰ: 7
15. ਉਹੀ ਪੰਨਾ ਨੰ: 28
16. ਕੱਚੇ ਕੋਠਿਆਂ ਦੇ ਵਾਸੀ, ਪੰਨਾ ਨੰ: 52
17. ਬਿਰਤਾਂਤਕੀ ਡਾ ਅਮਨਦੀਪ ਵਾਤਿਸ਼ ਪੁਨੀਤ ਪਬਲੀਸ਼ਰਜ਼
18. ਅਣਗੌਲੇ ਆਦਮੀ ਪੰਨਾ ਨੰ: 64